

## ਸ਼ਿਵਦਿਆਲ ਸਿੰਘ ਅਨਜਾਣ

ਕੌਮ ਦੇ ਉੱਘੇ ਕਵੀ, ਸ਼ਾਇਰ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਨੇ ਆਪਣੀਆਂ ਦਿਲ ਨੂੰ ਟੁੰਬ ਜਾਣ ਵਾਲੀਆਂ ਰਚਨਾਵਾਂ ਜ਼ਰੀਏ ਜਿੱਥੇ ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਅਤੇ ਹੋਰ ਗੁਰੂ ਸਾਹਿਬਾਨਾਂ ਸੰਬੰਧੀ ਲਿਖ ਕੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਮੁਲਕ ਦੀ ਵੰਡ ਸਮੇਂ ਸੰਨ 1947 ਵਿੱਚ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਦਾ ਜਨਮ ਦੁਆਬੇ ਦੇ ਉੱਘੇ ਤੇ ਵੱਡੇ ਪਿੰਡ ਧੋਗੜੀ ਜ਼ਿਲ੍ਹਾ ਜਲੰਧਰ ਵਿਖੇ ਪਿਤਾ ਸ੍ਰੀਮਾਨ ਕਰਤਾਰ ਚੰਦ ਅਤੇ ਮਾਤਾ ਸ੍ਰੀਮਤੀ ਕੇਸਰੀ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੇ ਜਨਮ ਸਮੇਂ ਜਿੱਥੇ ਲਹਿੰਦਾ ਤੇ ਚੜ੍ਹਦਾ ਪੰਜਾਬ ਵੰਡ ਦੇ ਅਣਸੁਖਾਵੇ ਕਤਲੋਂਗਾਰਤ ਨੂੰ ਆਪਣੇ ਤਨ ’ਤੇ ਹੰਡਾ ਰਿਹਾ ਸੀ, ਅਜਿਹੇ ਦੁਖਾਂਤਕ ਸਮੇਂ ਅਨਜਾਣ ਦਾ ਜਨਮ ਹੋਇਆ। ਬਚਪਨ ਤੋਂ ਹੀ ਅਨਜਾਣ ਧੋਗੜੀ ਵਾਲੇ ਅੰਦਰ ਸ਼ਾਇਰੀ ਦੀ ਚਿਣ.ਗ ਸੀ, ਪ੍ਰੰਤੂ ਫਿਰ ਵੀ 1960-62 ਦੇ ਦਹਾਕੇ ਉਹ ਪੱਕੇ ਪੈਰੀਂ ਆਪਣੀ ਕਲਾ ਨੂੰ ਨਿਖਾਰਨ ਵੱਲ ਨੂੰ ਹੋ ਤੁਰਿਆ। ਆਪ ਨੇ ਸੰਤ ਮਹਾਂਪੁਰਸ਼ਾਂ ਤੋਂ ਨਾਮ ਦਾਨ ਦੀ ਪ੍ਰਾਪਤੀ ਕੀਤੀ। ਆਪਣੀ ਸ਼ਾਇਰਾਨਾ ਕਲਾ ਨੂੰ ਨਿਖਾਰਨ ਲਈ ਆਪ ਨੇ ਆਪਣੇ ਆਲਮ ਉਸਤਾਦਾਂ ਤੋਂ ਯੋਗ ਅਗਵਾਈ ਲਈ। ਇਤਿਹਾਸਕ ਲਿਖਤਾਂ ਦੀ ਘਾਟ ਕਰਕੇ ਆਪਣੇ ਰਹਿਬਰਾਂ ਦੇ ਜੀਵਨ ਸੰਘਰਸ਼ਾਂ ਸੰਬੰਧੀ ਸਟੇਜ਼ਾਂ ’ਤੇ ਬੋਲਣਾ ਕੋਈ ਸਹਿਜ ਕਾਰਜ ਨਹੀਂ ਸੀ। ਪ੍ਰੰਤੂ ਸ਼ਿਵਦਿਆਲ ਅਨਜਾਣ ਨੇ ਆਪਣੇ ਸਿਰਤੋੜ ਯਤਨਾਂ ਨਾਲ ਆਪਣੇ ਰਹਿਬਰਾਂ, ਸੰਤ ਮਹਾਂਪੁਰਸ਼ਾਂ ਅਤੇ ਕੌਮ ਦੇ ਜੁਝਾਰੂ ਯੋਧਿਆਂ ਦਾ ਲਿਖਤੀ ਇਤਿਹਾਸ ਇਕੱਤਰ ਕਰਕੇ ਪ੍ਰਚਾਰਨ ਲਈ ਸਿਰਤੋੜ ਯਤਨ ਜਾਰੀ ਰੱਖੇ। ਜਿਸ ਮਿਸ਼ਨ ਵਿੱਚ ਉਹ ਕਾਮਯਾਬ ਵੀ ਹੋਇਆ। ਅਨਜਾਣ ਧੋਗੜੀ ਵਾਲਾ ਆਪਣੀ ਜ਼ਿੰਦਗੀ ਦੀਆਂ 73 ਪੱਤਝੜਾ ਹੰਡਾ ਕੇ ਅੱਜ ਵੀ ਆਪਣੇ ਰਹਿਬਰਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਿਰੰਤਰ ਜੁੜਿਆ ਹੋਇਆ। ਆਉ ਸਾਧ ਸੰਗਤ ਜੀ ਉਨ੍ਹਾਂ ਦੀ ਤੰਦਰੁਸਤੀ ਦੀ ਕਾਮਨਾ ਕਰੀਏ ਅਤੇ ਇਸ ਪੁਸਤਕ ਨੂੰ ਆਪ ਪੜ੍ਹ ਕੇ ਹੋਰਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰੀਏ।

ਮਨਜੀਤ ਸਿੰਘ ਚੁਖ਼ਿਆਰਾ
ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਮੋਬਾਇਲ - 94178-91666

Design : WP&S # 98153-78692

# ਉਪਕਾਰ ਗੁਰੂ ਰਵਿਦਾਸ ਦੇ



ਲੇਖਕ :
ਸ਼ਿਵਦਿਆਲ ਸਿੰਘ ਅਨਜਾਣ

# ਉਪਕਾਰ ਗੁਰੂ ਰਵਿਦਾਸ ਦੇ

ਲੇਖਕ :
ਸ਼ਿਵਦਿਆਲ ਸਿੰਘ ਅਨਜਾਣ

ਪ੍ਰਕਾਸ਼ਕ :
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ-ਜਲੰਧਰ



**ਉਪਕਾਰ ਗੁਰੂ ਰਵਿਦਾਸ ਦੇ**

**UPKAR GURU RAVIDASS DE**

***By :***

**SHIV DYAL SINGH ANJAN**
**(ANJAN DHOGRI WALA)**
**V.P.O. Dhogri, Near Alawalpur,**
**Distt. Jalandhar (Pb.) 144025**
**M.: 98158-46764**

*© ਸਭ ਹੱਕ ਸੰਸਥਾ ਦੇ ਰਾਖਵੇਂ ਹਨ।*

*ਪਹਿਲੀ ਵਾਰ - 16 ਫਰਵਰੀ 2022*

*ਕੀਮਤ : 100/-*

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਪਿੰਡ ਬਿਨਪਾਲਕੇ, ਨਜ਼ਦੀਕ ਭੋਗਪੁਰ-ਜਲੰਧਰ - 144201
ਮੋਬਾਇਲ - 98148-39944
**www.begumpuramission.com**

ਕੰਪਿਊਟਰ ਡਿਜ਼ਾਈਨ ਅਤੇ ਛਾਪਕ
ਵਾਲੀਆ ਪੇਪਰ ਐਂਡ ਸਟੇਸ਼ਨਰਜ਼ (ਜਲੰਧਰ)
ਮੋ. 98153-78692

# ਸਮਰਪਿਤ

**ਪਰਮ ਪੂਜਯ**
**ਮਾਤਾ ਸ੍ਰੀਮਤੀ ਕੇਸਰੀ ਜੀ**
**ਅਤੇ**
**ਪਿਤਾ ਸ੍ਰੀ ਕਰਤਾਰ ਚੰਦ ਜੀ**
**ਨੂੰ**



# ਤਤਕਰਾ

1. ਜਗਤ ਗੁਰੂ, ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਦੇ ਪ੍ਰਚਾਰ, ਪ੍ਰਸਾਰ ਨੂੰ ਲੱਖਾਂ ਨਾਮ ਲੇਵਾ ਸੰਗਤਾਂ ਦੀਆਂ ਬਰੂਹਾਂ ਤੱਕ ਪੁੱਜਦਾ ਕਰਨ ਵਾਲਾ ਅਲਬੇਲਾ ਮਿਸ਼ਨਰੀ ਸ਼ਾਇਰ 'ਸ਼ਿਵਦਿਆਲ ਸਿੰਘ ਅਨਜਾਣ ਧੋਗੜੀਵਾਲਾ' 5
2. ਅਲਬੇਲਾ ਮਿਸ਼ਨਰੀ ਸ਼ਾਇਰ ਸ਼ਿਵਦਿਆਲ ਧੋਗੜੀ ਵਾਲਾ 10
3. ਸੰਸਥਾ ਦੇ ਨਿਰੰਤਰ ਵਧਦੇ ਉੱਦਮ ਸ਼ਲਾਘਾਯੋਗ 12
4. ਸਾਡੇ ਪਿੰਡ ਧੋਗੜੀ ਦਾ ਮਾਣ ਸ਼ਿਵਦਿਆਲ ਅਨਜਾਣ 14
5. ਬੇਖੌਫ਼ ਸਟੇਜ਼ੀ ਸ਼ਾਇਰ ਸ਼ਿਵਦਿਆਲ ਅਨਜਾਣ 16
6. ਦੁਆਬੇ ਦਾ ਮਾਣ ਸ਼ਿਵਦਿਆਲ ਅਨਜਾਣ 17
7. ਕਈ ਦਹਾਕਿਆਂ ਦਾ ਸਟੇਜੀ ਸ਼ਾਇਰ ਅਨਜਾਣ ਧੋਗੜੀ ਵਾਲਾ 18
8. ਪੁਸਤਕ ਦੇ ਪ੍ਰਕਾਸ਼ਨ ਸਹਿਯੋਗੀਆਂ ਦਾ ਧੰਨਵਾਦ 19
9. ਦੁਖੀਓਂ ਕੇ ਕਲਿਆਣ ਹਿੱਤ, ਪ੍ਰਗਟੇ ਸ੍ਰੀ ਰਵਿਦਾਸ 21
10. ਸਾਰੇ ਬੰਦੇ ਹਨ ਰੂਪ ਪ੍ਰਮਾਤਮਾ ਦਾ 22
11. ਸਤਿਗੁਰੂ ਰਵਿਦਾਸ ਸਾਂਝਾ ਸਾਰੇ ਸੰਸਾਰ ਦਾ 23
12. ਕਲਮਾਂ ਦੇ ਰਾਜ ਦੁਲਾਰੇ ਨੇ 24
13. ਸੰਗਤਾਂ ਦੀ ਧੂੜੀ 26
14. ਮਹਿਮਾਂ ਜੱਗ ਤੇ ਅਪਰ ਅੰਪਾਰ ਤੇਰੀ 27
15. ਦਰਸ਼ਨ 28
16. ਮੇਰੇ ਪ੍ਰੀਤਮ ਕਾਸ਼ੀ ਵਾਲੇ 29
17. ਅੰਮ੍ਰਿਤਬਾਣੀ 30
18. ਭਾਰਤ ਵਰਸ਼ ਵਿਚ ਤੇਰਾ ਰਾਜ ਹੋਵੇ 31
19. ਪਾਪ ਦੀ ਮਿੱਟ ਗਈ ਰੈਣ ਸੀ ਕਹਿੰਦੇ 32
20. ਸਤਿਨਾਮ ਸਤਿਨਾਮ ਗਾਇ ਤੂੰ ਬੰਦਿਆ 33
21. ਲੱਗਦੇ ਜੈਕਾਰੇ 34
22. ਗਰੀਬਾਂ ਮਜ਼ਲੂਮਾਂ ਦੀ ਪੁਕਾਰ 35
23. ਜਿਸ ਕੌਮ ਦਾ ਕੋਈ ਅਧਾਰ ਹੈ ਨ੍ਹੀਂ 36
24. ਕੌਮ ਦੀ ਜਾਗ੍ਰਤੀ ਲਈ ਪ੍ਰਚਾਰ ਦੀ ਲੋੜ 37
25. ਤੁਸੀਂ ਜਗ ਵਿੱਚ ਕਦੇ ਧੰਨਵੰਤ ਨਾ ਹੁੰਦੇ 38
26. ਗੁਰੂ ਰਵਿਦਾਸ ਜੀ ਮਿਸ਼ਨ ਦਾ ਪ੍ਰਚਾਰ ਹੋ ਰਿਹਾ 39
27. ਮਨੂੰਵਾਦ ਦਾ ਤਖ਼ਤ ਪਲਟ ਹੁੰਦਾ 40
28. ਸਤਿਗੁਰ ਰਵਿਦਾਸ ਜੀ 41
29. ਬਾਬਾ ਫੂਲਨਾਥ ਜੀ ਦਾ ਡੇਰਾ ਮਹਾਨ ਜੀ 42
30. ਹਰਿ ਨਾਮ ਪਦਾਰਥ ਨਾਨਕ ਮਾਂਗੇ 43
31. ਐਸਾ ਨਾਮ ਵਾਲਾ ਰੰਗ ਹੈ ਚੜ੍ਹਾਇਆ 44
32. ਆਦਿ-ਧਰਮ ਏਕ ਹੈ, ਸ਼ਾਂਖੇ ਅਨੇਕ ਹੈ 45
33. ਸੁੱਤੀ ਕੌਮ ਮੈਂ ਜਗਾਉਣੀ 46
34. ਆਪਣੇ ਹੱਕ ਲੈ ਜਾਓ ਜੀ 48
35. ਸਦੀਆਂ ਤੋਂ ਪੱਛੜਿਆਂ ਨੂੰ ਉੱਚਿਆਂ ਨਾਲ ਜੋੜਿਆ ਹੈ 49
36. ਸ਼ੇਰ ਮਰਦ ਇਸ ਧਰਤੀ 'ਤੇ ਪੈਰ ਧਰਦਾ 50
37. ਹੱਕ ਲੜਕੇ ਲੈਣਾ ਸਿਖਾ ਗਏ ਨੇ 51
38. ਤੈਨੂੰ ਤੀਰ ਤਲਵਾਰ ਦੀ ਲੋੜ ਨਹੀਂਉ 52
39. ਪਾਰਲੀਮੈਂਟ 'ਤੇ ਹੱਕ ਜਮਾ ਲਓ 53
40. ਜਾਤ ਵਰਨ ਦਾ ਬੀਜ ਖਿਲਾਰ ਦਿੱਤਾ 54
41. ਸ਼ੇਰਾਂ ਵਾਂਗ ਨਾਂ ਕਦੇ ਵੀ ਮੜਕ ਹੁੰਦਾ 55
42. ਰਾਜ ਦਿੱਲੀ 'ਤੇ ਕਰਨਾ 56
43. ਕਿਆਰੀ ਕ੍ਰਾਂਤੀ ਦੇ ਖ਼ੂਨ ਨਾਲ ਸਿੰਝ ਦਿੱਤੀ 57
44. ਤੇਰੀ ਦਲਿਤਾ ਕਿਹੋ ਜਿਹੀ ਹਾਲਤ 58
45. ਚੜ੍ਹਦੇ ਸੂਰਜ ਨੂੰ ਸਲਾਮਾਂ 59
46. ਹਿੰਮਤ ਕਰ ਹਿੰਮਤ ਨਾਲ ਹਰ ਕੰਮ ਬਣਦਾ 60
47. ਆਉਣ ਤੂਫ਼ਾਨ ਜੇ ਲੱਖ ਤੈਨੂੰ 61
48. ਝੰਡੇ ਝੂੱਲਦੇ ਨਹੀਂ ਪਹਿਲਾਂ ਗੱਡੇ ਜਾਂਦੇ ਆ 62

# ਜਗਤ ਗੁਰੂ, ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਦੇ ਪ੍ਰਚਾਰ, ਪ੍ਰਸਾਰ ਨੂੰ ਲੱਖਾਂ ਨਾਮ ਲੇਵਾ ਸੰਗਤਾਂ ਦੀਆਂ ਬਰੂਹਾਂ ਤੱਕ ਪੁੱਜਦਾ ਕਰਨ ਵਾਲਾ ਅਲਬੇਲਾ ਮਿਸ਼ਨਰੀ ਸ਼ਾਇਰ 'ਸ਼ਿਵਦਿਆਲ ਸਿੰਘ ਅਨਜਾਣ ਧੋਗੜੀਵਾਲਾ'

ਵਿਸ਼ਵ ਦੇ ਚਾਨਣ ਮੁਨਾਰੇ, ਸਮੁੱਚੀ ਮਾਨਵਤਾ ਦੇ ਮਸੀਹਾ, ਬੇਗ਼ਮਪੁਰਾ ਦੇ ਸਿਰਜਕ, ਮਹਾਨ ਕ੍ਰਾਂਤੀਕਾਰੀ ਸਮਾਜ ਸੁਧਾਰਕ, ਭਗਤੀ ਲਹਿਰ ਦੇ ਮੋਢੀ, ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣਾ ਸਮੁੱਚਾ ਜੀਵਨ, ਗ਼ੁਲਾਮੀ ਪ੍ਰਥਾ, ਜਾਤ-ਪਾਤ, ਊਚ-ਨੀਚ ਅਤੇ ਛੂਆ-ਛਾਤ ਨੂੰ ਖਤਮ ਕਰਨ ਅਤੇ ਏਕਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨਪੀੜੀਆਂ ਕਰਨ ਹਿੱਤ ਲਗਾਇਆ। ਆਪ ਜੀ ਦੇ ਪਰਮਾਰਥੀ ਅਤੇ ਮਾਨਵਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਮੇਂ ਦੀਆਂ ਹਕੂਮਤਾਂ ਦੇ ਰਾਜੇ ਮਹਾਰਾਜੇ ਆਪ ਜੀ ਦੇ ਚਰਨ ਕੰਵਲਾਂ ਦਾ ਓਟ ਆਸਰਾ ਲੈ ਕੇ ਸੰਸਾਰ ਭਵ-ਸਾਗਰ ਤੋਂ ਪਾਰ ਹੋ ਗਏ।

ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀਆਂ ਸਿੱਖਿਆਵਾਂ, ਉਦੇਸ਼ਾਂ, ਉਪਦੇਸ਼ਾਂ, ਬਾਣੀ ਸੰਕਲਪ ਨੂੰ ਵਿਸ਼ਵ ਭਰ ਵਿੱਚ ਵੱਸਦੇ ਲੱਖਾਂ ਸ਼ਰਧਾਵਾਨ ਸ਼ਰਧਾਲੂਆਂ ਅਤੇ ਅਨੁਯਾਈਆਂ ਦੀਆਂ ਬਰੂਹਾਂ ਤੱਕ ਲੈ ਕੇ ਜਾਣ ਦਾ ਸਿਰਤੋੜ ਉਪਰਾਲਾ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ: ਮੁੱਖ ਦਫ਼ਤਰ ਬਿਨਪਾਲਕੇ ਨਜ਼ਦੀਕ ਭੋਗਪੁਰ ਜਲੰਧਰ ਕਰ ਰਹੀ ਹੈ। ਸੰਸਥਾ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਬਿਨਪਾਲਕੇ ਅਤੇ ਉਨ੍ਹਾਂ ਨਾਲ ਜੁੜੀ ਸਮੁੱਚੀ ਨਿਰਸੁਆਰਥ ਜੁਝਾਰੂ ਟੀਮ ਦੇ ਉੱਦਮ ਉਪਰਾਲੇ ਵਜੋਂ ਸੰਨ 1998 ਤੋਂ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਹੈ। ਇਸ ਸੰਸਥਾ ਨੂੰ ਮਾਣ ਹੈ ਕਿ ਸੰਸਥਾ ਦੇ ਯੋਗ ਉੱਦਮ ਦੁਆਰਾ ਹੁਣ ਤੱਕ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 30 ਹਜ਼ਾਰ ਤੋਂ ਵੱਧ ਗੁਰਬਾਣੀ ਦੇ ਗੁਟਕਾ ਸਾਹਿਬ, ਡੇਢ ਲੱਖ ਤੋਂ ਵੱਧ ਮਿਸ਼ਨਰੀ ਟ੍ਰੈਕਟ, ਪੰਚੀ ਹਜ਼ਾਰ ਦੇ ਲਗਭਗ ਕੈਲੰਡਰ ਅਤੇ ਪੰਦਰਾਂ ਹਜ਼ਾਰ ਦੇ ਕਰੀਬ ਹੋਰ ਧਾਰਮਿਕ ਪੁਸਤਕ ਸਮੱਗਰੀ ਛਪਵਾ ਕੇ ਸੰਗਤਾਂ ਨੂੰ ਭੇਟ ਕਰ ਚੁੱਕੀ ਹੈ। ਇਸ ਤੋਂ ਇਲਾਵਾ ਸੰਸਥਾ ਹੋਰ ਬਹੁਤ ਪ੍ਰਚਾਰ ਸਮੱਗਰੀ, ਫਲੈਕਸ ਬੋਰਡ, ਪੋਸਟਰ, ਝੰਡੀਆਂ, ਬੈਨਰ ਅਤੇ ਪਟਕੇ ਆਦਿ ਸੰਗਤਾਂ ਦੀ ਸੇਵਾ ਵਿੱਚ ਅਰਪਿਤ ਕਰਨ ਦੇ ਯੋਗ ਉਪਰਾਲੇ ਕਰ ਰਹੀ ਹੈ।

ਇਤਿਹਾਸ ਗਵਾਹ ਹੈ ਕਿ ਕੌਮਾਂ ਦੇ ਇਤਿਹਾਸ ਨੂੰ ਰਹਿੰਦੀ ਦੁਨੀਆਂ 'ਚ ਕਾਇਮ-ਦਰ-



ਕਾਇਮ ਰੱਖਣ ਲਈ ਕੌਮ ਦੇ ਸਾਹਿਤਕਾਰਾਂ, ਇਤਿਹਾਸਕਾਰਾਂ, ਲੇਖਕਾਂ, ਸ਼ਾਇਰਾਂ, ਬੁੱਧੀਜੀਵੀਆਂ, ਖੋਜਕਾਰਾਂ ਦਾ ਬੜਾ ਵੱਡਾ ਯੋਗਦਾਨ ਹੁੰਦਾ ਹੈ। ਇਸ ਸੰਸਥਾ ਨੇ ਉਪਰੋਕਤ ਭਾਈਚਾਰੇ ਨਾਲ ਹਮੇਸ਼ਾ ਹੀ ਆਪਣੀਆਂ ਤੰਦਾਂ ਨੂੰ ਨਪੀੜੀ ਰੱਖਿਆ ਹੈ। ਇਸ ਪ੍ਰੰਪਰਾ ਨੂੰ ਕਾਇਮ-ਦਰ-ਕਾਇਮ ਰੱਖਦਿਆਂ ਉੱਘੇ ਕੌਮੀ ਬੁੱਧੀਜੀਵੀ ਲੇਖਕ ਐਡਵੋਕੇਟ ਪ੍ਰੋ. ਲਾਲ ਸਿੰਘ (ਆਦਿ-ਧਰਮ ਅਨਮੋਲ ਰਤਨ) ਦੀਆਂ ਖੋਜ ਭਰਪੂਰ ਕ੍ਰਾਂਤੀਕਾਰੀ ਰਚਨਾਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਸੰਸਥਾ ਨੇ ਉਨ੍ਹਾਂ ਦੀਆਂ ਕਈ ਪੁਸਤਕਾਂ ਪ੍ਰਕਾਸ਼ਿਤ ਕਰਵਾ ਕੇ ਲੋਕ ਅਰਪਿਤ ਕੀਤੀਆਂ ਹਨ।

ਸੰਸਥਾ ਦੇ ਯੋਗ ਉਪਰਾਲੇ ਵਜੋਂ ਹੀ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੀ ਪੁਰਜ਼ੋਰ ਮੰਗ 'ਤੇ ਉੱਘੇ ਸਟੇਜੀ ਕਵੀ, ਸ਼ਾਇਰ, ਲੇਖਕ ਸ੍ਰੀਮਾਨ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਦੀਆਂ ਦਿਲਾਂ ਦੀਆਂ ਗਹਿਰਾਈਆਂ ਨੂੰ ਛੂਹ ਜਾਣ ਵਾਲੀਆਂ ਰਚਨਾਵਾਂ ਦਾ ਹੱਥਲਾ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਅਲਬੇਲੇ ਸ਼ਾਇਰ ਅਨਜਾਣ ਧੋਗੜੀ ਵਾਲੇ ਦੀਆਂ ਰਚਨਾਵਾਂ ਨੂੰ ਲੋਕਾਂ ਤੱਕ ਪੁੱਜਦਾ ਕਰਨ ਲਈ ਸੰਸਥਾ ਵਧਾਈ ਦੀ ਹੱਕਦਾਰ ਹੈ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਜੀਵਨ ਸੰਘਰਸ਼, ਸਿੱਖਿਆਵਾਂ ਅਤੇ ਗੁਰਬਾਣੀ ਸੰਕਲਪ ਉੱਤੇ ਜਿੱਥੇ ਵੱਖ-ਵੱਖ ਕੌਮੀ ਮਿਸ਼ਨਰੀ ਸਾਹਿਤਕਾਰਾਂ ਨੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ, ਉੱਥੇ ਕੌਮ ਦੇ ਉੱਘੇ ਕਵੀ, ਸ਼ਾਇਰ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਨੇ ਆਪਣੀਆਂ ਦਿਲ ਨੂੰ ਟੁੰਬ ਜਾਣ ਵਾਲੀਆਂ ਰਚਨਾਵਾਂ ਜ਼ਰੀਏ ਜਿੱਥੇ ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਅਤੇ ਹੋਰ ਗੁਰੂ ਸਾਹਿਬਾਨਾਂ ਸੰਬੰਧੀ ਲਿਖ ਕੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ, ਉੱਥੇ ਨਾਲ ਹੀ ਉਸ ਦੀਆਂ ਆਹਲਾ ਲਿਖਤਾਂ ਨੇ ਸਮੂੰਹ ਸੰਗਤਾਂ ਵੱਲੋਂ ਮਾਣਮੱਤਾ ਮਾਣ ਸਨਮਾਨ ਵੀ ਪ੍ਰਦਾਨ ਕਰਵਾਇਆ। ਆਪਣੀਆਂ ਦਮਦਾਰ ਰਚਨਾਵਾਂ ਦੀ ਪੇਸ਼ਕਾਰੀ ਦੇ ਮਾਧਿਅਮ ਦੁਆਰਾ ਉਹ ਸਮੁੱਚੇ ਵਰਗ ਦੇ ਸਰੋਤਿਆਂ ਨੂੰ ਕੀਲ ਕੇ ਬਿਠਾਉਣ ਦੀ ਸਮਰੱਥਾ ਰੱਖਦਾ ਹੈ, ਗੱਲਾਂ ਵਰਗੀਆਂ ਉਹਦੀਆਂ ਰਚਨਾਵਾਂ ਹਰ ਵਰਗ ਦੇ ਸਰੋਤਿਆਂ ਦੇ ਦਿਲ ਦਿਮਾਗ਼ ਵਿਚ ਸਹਿਜ ਨਾਲ ਬੈਠਦੀਆਂ ਹਨ।

ਮੁਲਕ ਦੀ ਵੰਡ ਸਮੇਂ ਸੰਨ 1947 ਵਿੱਚ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਦਾ ਜਨਮ ਦੁਆਬੇ ਦੇ ਉੱਘੇ ਤੇ ਵੱਡੇ ਪਿੰਡ ਧੋਗੜੀ ਜ਼ਿਲ੍ਹਾ ਜਲੰਧਰ ਵਿਖੇ ਪਿਤਾ ਸ੍ਰੀਮਾਨ ਕਰਤਾਰ ਚੰਦ ਅਤੇ ਮਾਤਾ ਸ੍ਰੀਮਤੀ ਕੇਸਰੀ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੇ ਜਨਮ ਸਮੇਂ ਜਿੱਥੇ ਲਹਿੰਦਾ ਤੇ ਚੜ੍ਹਦਾ ਪੰਜਾਬ ਵੰਡ ਦੇ ਅਣਸੁਖਾਵੇ ਕਤਲੋਂਗਾਰਤ ਨੂੰ ਆਪਣੇ ਤਨ 'ਤੇ ਹੰਡਾ ਰਿਹਾ ਸੀ, ਅਜਿਹੇ ਦੁਖਾਂਤਕ ਸਮੇਂ ਅਨਜਾਣ ਦਾ ਜਨਮ ਹੋਇਆ। ਇਹ ਅਜਿਹਾ ਸਮਾਂ ਸੀ ਜਦੋਂ ਸਮੁੱਚਾ ਵਰਗ ਅਗਿਆਨਤਾ ਕਾਰਨ ਬਹੁਤ ਸਾਰੀਆਂ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਸੀ। ਪਿੰਡਾਂ ਵਿੱਚ ਛੂਆ-ਛਾਤ, ਜਾਤ-ਪਾਤ ਵਰਗੀਆਂ ਅਲਾਮਤਾਂ ਆਮ ਪ੍ਰਚੱਲਤ ਸਨ। ਇਹੀ ਕਾਰਨ ਸੀ, ਉਸ ਸਮੇਂ ਹੁੰਦੇ ਇਸ ਨਸਲੀ ਵਿਤਕਰੇ ਦੇ ਹੰਢਾਏ ਸੰਤਾਪ

ਬਹੁਤ ਸਾਰੀਆਂ ਆਪ ਬੀਤੀਆਂ ਅਤੇ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਨੇ ਅਨਜਾਣ ਨੂੰ ਕਲਾ ਦੀ ਅਜਿਹੀ ਬਖਸ਼ਿਸ਼ ਕੀਤੀ ਜਿਸ ਨਾਲ ਉਹ ਆਪਣੀ ਧੁਰ ਅੰਦਰਲੀ ਵਿਦਰੋਹੀ ਸੁਰ ਨੂੰ ਆਪਣੀ ਸ਼ਾਇਰੀ ਰਾਹੀਂ ਪ੍ਰਗਟ ਕਰਨ ਦੇ ਯੋਗ ਬਣਿਆ। ਬੇਸ਼ੱਕ ਬਚਪਨ ਤੋਂ ਹੀ ਅਨਜਾਣ ਧੋਗੜੀ ਵਾਲੇ ਅੰਦਰ ਸ਼ਾਇਰੀ ਦੀ ਚਿਣਗ ਸੀ, ਪ੍ਰੰਤੂ ਫਿਰ ਵੀ 1960-62 ਦੇ ਦਹਾਕੇ ਉਹ ਪੱਕੇ ਪੈਰੀਂ ਆਪਣੀ ਕਲਾ ਨੂੰ ਨਿਖਾਰਨ ਵੱਲ ਨੂੰ ਹੋ ਤੁਰਿਆ। ਉਸ ਦੀ ਕਲਾ ਨੂੰ ਨਿਖਾਰਨ ਲਈ ਡੇਰਾ ਸੰਤ ਬਾਬਾ ਮਾਹਨਦਾਸ ਜੀ ਕਾਹਰੀ ਸਾਹਰੀ (ਹੁਸ਼ਿਆਰਪੁਰ) ਦੇ ਪੂਜਨੀਕ ਸੰਤ ਮਹਾਂਪੁਰਸ਼ਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਜਿੱਥੇ ਉਨ੍ਹਾਂ ਨੇ ਸੰਤ ਸੇਵਾ ਦਾਸ ਜੀ ਕਾਹਰੀ ਸਾਹਰੀ ਵਾਲਿਆਂ ਦੀ ਅਗਵਾਈ, ਗੁਰਬਾਣੀ, ਕੀਰਤਨ, ਕਥਾ ਪ੍ਰਵਾਹ ਆਦਿ ਅਤੇ ਸੰਗੀਤਕ ਜਰਬਾਂ-ਤਕਸੀਮਾਂ ਸਿੱਖੀਆਂ। ਇਥੋਂ ਹੀ ਆਪ ਨੇ ਸੰਤ ਮਹਾਂਪੁਰਸ਼ਾਂ ਤੋਂ ਨਾਮ ਦਾਨ ਦੀ ਪ੍ਰਾਪਤੀ ਕੀਤੀ। ਸ਼ਾਇਰੀ ਦੀਆਂ ਬਾਰੀਕੀਆਂ ਲਈ ਆਪ ਨੇ ਆਪਣੇ ਮਾਮਾ ਕਵੀ ਕਰਮ ਚੰਦ ਲੱਧੇਵਾਲੀ, ਕਿਸ਼ਨ ਸਿੰਘ ਮਸਤਾਨਾ ਨਾਹਲਾ ਆਦਿ ਦੀ ਸੰਗਤ ਕੀਤੀ।

ਇਸ ਤਰ੍ਹਾਂ ਲਗਾਤਾਰ ਆਪਣੀ ਸ਼ਾਇਰਾਨਾ ਕਲਾ ਨੂੰ ਨਿਖਾਰਨ ਲਈ ਆਪ ਨੇ ਆਪਣੇ ਆਲਮ ਉਸਤਾਦਾਂ ਤੋਂ ਯੋਗ ਅਗਵਾਈ ਲਈ। ਫਿਰ ਉਹ ਦਿਨ ਦੂਰ ਨਹੀਂ ਸਨ ਜਦੋਂ ਉਹ ਸ਼ਿਵਦਿਆਲ ਸਿੰਘ ਤੋਂ ਸ਼ਿਵਦਿਆਲ ਅਨਜਾਣ ਧੋਗੜੀਵਾਲਾ ਦੇ ਮੁਕਾਮ 'ਤੇ ਪਹੁੰਚ ਗਿਆ। ਉਨ੍ਹਾਂ ਦਿਨਾਂ ਵਿਚ ਗੁਰੂ ਰਵਿਦਾਸ ਨਾਮਲੇਵਾ ਕੌਮ ਪਾਸ ਕੋਈ ਜ਼ਿਆਦਾ ਹੰਡੇ ਵਰਤੇ ਰਾਗੀ, ਕਵੀਸ਼ਰ, ਢਾਡੀ, ਕਲਾਕਾਰ, ਕਥਾਵਾਚਕ, ਗਾਇਕ ਆਦਿ ਬਹੁਤ ਘੱਟ ਸਨ। ਇਤਿਹਾਸਕ ਲਿਖਤਾਂ ਦੀ ਘਾਟ ਕਰਕੇ ਆਪਣੇ ਰਹਿਬਰਾਂ ਦੇ ਜੀਵਨ ਸੰਘਰਸ਼ਾਂ ਸੰਬੰਧੀ ਸਟੇਜ਼ਾਂ 'ਤੇ ਬੋਲਣਾ ਕੋਈ ਸਹਿਜ ਕਾਰਨ ਨਹੀਂ ਸੀ। ਪ੍ਰੰਤੂ ਸ਼ਿਵਦਿਆਲ ਅਨਜਾਣ ਨੇ ਆਪਣੇ ਸਿਰਤੋੜ ਯਤਨਾਂ ਨਾਲ ਆਪਣੇ ਰਹਿਬਰਾਂ, ਸੰਤ ਮਹਾਂਪੁਰਸ਼ਾਂ ਅਤੇ ਕੌਮ ਦੇ ਜੁਝਾਰੂ ਯੋਧਿਆਂ ਦਾ ਲਿਖਤੀ ਇਤਿਹਾਸ ਇਕੱਤਰ ਕਰਨ ਲਈ ਸਿਰਤੋੜ ਯਤਨ ਜਾਰੀ ਰੱਖੇ। ਜਿਸ ਮਿਸ਼ਨ ਵਿੱਚ ਉਹ ਕਾਮਯਾਬ ਵੀ ਹੋਇਆ।

ਅਨਜਾਣ ਅਜਿਹੀ ਪ੍ਰਸਿਥਤੀ ਨੂੰ ਆਪਣੀ ਹੀ ਇੱਕ ਰਚਨਾ ਰਾਹੀਂ ਦੱਸਦੈ

**"ਉਹ ਵਿਦਵਾਨ ਵੀ ਸਭਾ 'ਚੋਂ ਦੌੜ ਜਾਂਦਾ,**
**ਜਿਹਦੇ ਕੋਲ ਗਿਆਨ ਦਾ ਭੰਡਾਰ ਹੈ ਨਹੀਂ"**

ਕਿਸੇ ਦੂਰ-ਅੰਦੇਸ਼ੀ ਪ੍ਰਸਥਿਤੀ ਦਾ ਸਾਹਮਣਾ ਕਰਨ ਲਈ ਉਸ ਨੇ ਆਪਣੇ ਕਾਮਲ ਮੁਰਸ਼ਦਾ ਦੀ ਨਸੀਹਤ 'ਤੇ ਆਪਣੇ ਪਾਸ ਗਿਆਨ ਦਾ ਅਥਾਹ ਭੰਡਾਰ ਸਾਂਭ ਰੱਖਿਆ ਸੀ।

ਇਸ ਪ੍ਰਕਾਰ ਉਹ ਉਨ੍ਹਾਂ ਭਲੇ ਸਮਿਆਂ ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਨੂੰ ਸਾਧ ਸੰਗਤ ਜੀ ਘਰ-ਘਰ ਪਹੁੰਚਾਉਣ ਲਈ ਤੁੱਛ ਮਾਇਆ ਭੇਟਾ 'ਤੇ ਸੇਵਾਵਾਂ ਨਿਭਾਉਂਦੇ ਰਹੇ। ਇਨ੍ਹਾਂ ਹਲਾਤਾਂ 'ਚ ਸ਼ਿਵਦਿਆਲ ਅਨਜਾਣ ਨੂੰ ਹਮੇਸ਼ਾ ਇਸ ਗੱਲ ਦਾ ਵੱਡਾ ਸ਼ਿਕਵਾ ਰਿਹਾ ਕਿ ਧਰਮ ਨੂੰ ਮੰਨਣ ਵਾਲੇ ਮਹਾਂਰਥੀਆਂ ਨੇ ਪਤਾ ਨਹੀਂ ਕਿਉਂ ਸਤਿਗੁਰੂ



ਰਵਿਦਾਸ ਜੀ ਮਹਾਰਾਜ ਜੋ ਸਰਬ ਗਿਆਨ ਦੇ ਗਿਆਤਾ, ਸਰਬ ਸ਼ਕਤੀਮਾਨ ਅਤੇ ਜਿਨ੍ਹਾਂ ਦੀ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 40 ਸ਼ਬਦ ਇੱਕ ਸਲੋਕ ਦੀ ਅਥਾਹ ਬਾਣੀ ਦਾ ਭੰਡਾਰ ਅੰਕਿਤ ਹੈ। ਫਿਰ ਵੀ ਉਹਨਾਂ ਨੂੰ ਭਗਤ ਰਵਿਦਾਸ ਜੀ ਦੇ ਨਾਮ ਨਾਲ ਉਚਾਰਨ ਕਰਦੇ ਹਨ। ਉਂਝ ਉਹ "ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ" ਦੀ ਗੱਲ ਕਰਦੇ ਹਨ। ਅਨਜਾਣ ਅਨੁਸਾਰ ਗੁਰੂ ਰਵਿਦਾਸ ਜੀ ਤਾਂ ਆਪ ਖੁਦ ਗੁਰੂਆਂ ਦੇ ਗੁਰੂ ਸਨ। ਇਹ ਤੌਖਲਾ ਹਮੇਸ਼ਾ ਅਨਜਾਣ ਧੋਗੜੀ ਵਾਲੇ ਨੂੰ ਸਟੇਜ਼ਾਂ 'ਤੇ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਵਰਨਣ ਕਰਦਿਆਂ ਰਿਹਾ। ਇਸ ਸੰਬੰਧੀ ਉਹ ਆਪਣੇ ਨਾਲ ਬੀਤੀ ਬੀਤੀ ਘਟਨਾ ਰਾਹੀਂ ਦੱਸਦੇ ਹਨ ਕਿ ਸੰਨ 2006 ਵਿੱਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਮਹਾਨ ਪ੍ਰਕਾਸ਼ ਉਤਸਵ ਸੰਬੰਧੀ ਇੱਕ ਸਮਾਗਮ ਲਈ ਪਿੰਡ 'ਡੁਮੇਲੀ' ਜ਼ਿਲ੍ਹਾ ਕਪੂਰਥਲਾ ਵਿਖੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਜਥੇ ਨੂੰ ਸ਼ੋਭਾ ਯਾਤਰਾ ਸਮਾਗਮ ਲਈ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੁਲਾਇਆ ਗਿਆ। ਜਿੱਥੇ ਸਮੁੱਚੇ ਸਮਾਗਮ ਦੀ ਆਰੰਭਤਾ 'ਤੇ ਸ਼ਿਵਦਿਆਲ ਅਨਜਾਣ ਨੇ ਆਖਿਆ, "ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਸਮਾਗਮ 'ਤੇ ਇਕੱਤਰ ਸਾਧ-ਸੰਗਤ ਜੀ। ਆਪ ਜੀ ਨੂੰ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ ਹੋਵੇ।" ਐਨੇ ਸਮੇਂ ਨੂੰ ਉਥੇ ਹਾਜ਼ਰ ਗੁਰਦੁਆਰੇ ਦਾ ਜਥੇਦਾਰ ਘੁੱਸਰ ਮੁੱਸਰ ਕਰਦਾ ਅੱਗ-ਬਬੂਲਾ ਹੋ ਉੱਠਿਆ ਕਿ ਅਨਜਾਣ ਨੇ ਭਗਤ ਰਵਿਦਾਸ ਜੀ ਨੂੰ ਧੰਨ-ਧੰਨ ਗੁਰੂ ਰਵਿਦਾਸ ਕਿਉਂ ਕਿਹਾ? ਸਮਾਗਮ ਵਿੱਚ ਸ਼ਾਂਤੀ ਰਹੀ ਪ੍ਰੰਤੂ ਸਮਾਗਮ ਦੀ ਸਮਾਪਤੀ 'ਤੇ ਉਹ ਜਥੇਦਾਰ ਅਨਜਾਣ 'ਤੇ ਤਲਵਾਰ ਕੱਢ ਕੇ ਗਰਜ ਉੱਠਿਆ ਕਿ ਇਹ ਅਗਿਆਨੀ ਮਰਿਆਦਾ ਦੀ ਉਲੰਘਣਾ ਕਰਦਾ ਹੈ। ਇਸ ਸਮੇਂ ਕੁੱਝ ਪ੍ਰਬੰਧਕੀ ਨੌਜਵਾਨਾਂ ਨੇ ਜਥੇਦਾਰ ਦੀ ਤਲਵਾਰ ਜਾ ਫੜੀ ਤੇ ਗੱਲ ਰਫ਼ਾ ਦਫ਼ਾ ਹੋ ਗਈ। ਪ੍ਰੰਤੂ ਜਥੇਦਾਰ ਅੱਗੇ ਵੱਧਦਾ ਗਿਆ ਤੇ ਦੂਸਰੇ ਗੁਰਦੁਆਰੇ ਮਾਮਲੇ ਸੰਬੰਧੀ ਹੋਰ ਤੂਲ ਦੇਣ ਲੱਗਾ। ਕੁੱਝ ਆਪਸੀ ਫਿਰਕੂ ਝਗੜਾ ਵੀ ਹੋਇਆ। ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਥਾਣੇ ਇਤਲਾਹ ਦੇਣੀ ਪਈ ਤੇ ਦੂਸਰੇ ਦਿਨ ਫੈਸਲੇ ਦਾ ਸਮਾਂ ਮਿਥਿਆ ਗਿਆ। ਜਿਥੇ ਦੂਜੇ ਦਿਨ ਅਨਜਾਣ ਨੂੰ ਵੀ ਭਰੀ ਸਭਾ 'ਚ ਜਾਣਾ ਪਿਆ ਉੱਥੇ ਉਹ ਜਥੇਦਾਰ ਵੀ ਆਪਣਾ ਲਾਮ ਲਸ਼ਕਰ ਲੈ ਕੇ ਪਹੁੰਚ ਗਿਆ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਤ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਅਨੁਸਾਰ ਅਨਜਾਣ ਧੋਗੜੀ ਵਾਲੇ ਨੇ ਦਲੀਲਾਂ ਦਿੱਤੀਆਂ ਕਿ ਜਦੋਂ ਅਸੀਂ ਆਪਣੇ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਲੈਣਾ ਹੈ ਜਾਂ ਉਹਨਾਂ ਦੀ ਉਪਮਾ ਕਰਨੀ ਹੈ ਤਾਂ ਉਦੋਂ ਗੁਰੂ ਰਵਿਦਾਸ ਜਾਂ ਸਤਿਗੁਰੂ ਰਵਿਦਾਸ ਕਹਿਣਾ ਹੀ ਠੀਕ ਹੈ ਭਗਤ ਰਵਿਦਾਸ ਕਹਿਣਾ ਗਲਤ ਹੈ ਤਾਂ ਭਰੀ ਸਭਾ ਵਿੱਚ ਜਥੇਦਾਰ ਅਤੇ ਉਸ ਨਾਲ ਆਏ ਅਗਿਆਨੀ ਨਿਰਉੱਤਰ ਹੋ ਗਏ। ਤੇ ਪੱਤਰਾ ਵਾਚ ਗਏ। ਬਾਅਦ ਵਿੱਚ ਉਸ ਹੀ ਜਥੇਦਾਰ ਨੇ ਅਨਜਾਣ ਧੋਗੜੀ ਤੋਂ ਅਤੇ ਪ੍ਰਬੰਧਕ ਕਮੇਟੀ ਤੋਂ ਲਿਖਤੀ ਮੁਆਫ਼ੀ ਮੰਗੀ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਗੁਰੂ ਰੂਪ

ਦੇ ਪੱਦਵੀ ਦੇ ਮਾਲਕ ਹਨ। ਇਹ ਲਿਖਤੀਨਾਮਾ ਅੱਜ ਵੀ ਅਨਜਾਣ ਧੋਗੜੀ ਵਾਲੇ ਨੇ ਆਪਣੇ ਪਾਸ ਸਾਂਭਿਆ ਹੋਇਆ ਹੈ। ਆਪਣੀਆਂ ਰਚਨਾਵਾਂ ਰਾਹੀਂ ਸਰਬੱਤ ਦਾ ਭਲਾ ਮੰਗਣ ਵਾਲਾ ਸ਼ਿਵਦਿਆਲ ਅਨਜਾਣ ਧੋਗੜੀ ਵਾਲਾ ਮਿਸ਼ਨਰੀ ਭਾਵਨਾਵਾਂ ਲੈ ਕੇ ਅੱਜ ਕੌਮੀ ਸੰਗਤਾਂ ਦੀ ਸੇਵਾ 'ਚ ਤੁਰਿਆ ਹੋਇਆ ਹੈ। ਉਸ ਦੀਆਂ ਅਣਮੁੱਲੀਆਂ ਰਚਨਾਵਾਂ ਤੇ ਪੇਸ਼ਕਾਰੀ ਦੀ ਕਦਰ ਕਰਦਿਆਂ ਬਹੁਤ ਸਾਰੀਆਂ ਸਭਾ ਸੁਸਾਇਟੀ ਨੇ ਉਸ ਦਾ ਮਾਣ-ਸਨਮਾਨ ਕੀਤਾ। ਡਾ. ਬੀ.ਆਰ. ਅੰਬੇਡਕਰ ਐਜੂਕੇਸ਼ਨ ਵੈਲਫੇਅਰ ਟਰੱਸਟ ਰੰਧਾਵਾ ਮਸੰਦਾ (ਰਜਿ:) ਸ੍ਰੀ ਗੁਰੂ ਰਵਿਦਾਸ ਗੁਰਧਾਮ ਵੈਲਫੇਅਰ ਕਮੇਟੀ ਮਾਧੋਪੁਰ, ਸਰਬੱਤ ਭਲਾ ਆਸ਼ਰਮ ਮਕਸੂਦਾਂ, ਜਿੱਥੇ ਸੰਤ ਬਾਬਾ ਜਗੀਰ ਸਿੰਘ ਨੇ ਉਨ੍ਹਾਂ ਨੂੰ ਕੇਂਦਰ ਦਾ ਪ੍ਰਚਾਰਕ ਵੀ ਥਾਪਿਆ ਹੋਇਆ ਹੈ। ਸ੍ਰੀ ਗੁਰੂ ਰਵਿਦਾਸ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਆਦਿ ਤੋਂ ਇਲਾਵਾ ਬਹੁਤ ਸਾਰੀਆਂ ਨਾਮੀ ਸੰਸਥਾਵਾਂ ਨੇ ਆਪ ਨੂੰ ਮਾਣ ਸਨਮਾਨ ਪ੍ਰਦਾਨ ਕੀਤੇ ਹਨ। ਇਸ ਤੋਂ ਇਲਾਵਾ ਇੰਗਲੈਂਡ ਦੀਆਂ ਸੰਗਤਾਂ ਵਿਚ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਇੰਗਲੈਂਡ ਦੇ ਬਹੁਤ ਸਾਰੇ ਗੁਰੂ ਘਰਾਂ 'ਚ ਸ਼ਿਰਕਤ ਕਰ ਚੁੱਕੇ ਹਨ। ਅਨਜਾਣ ਧੋਗੜੀ ਵਾਲਾ ਆਪਣੀ ਜ਼ਿੰਦਗੀ ਦੀਆਂ 73 ਪੱਤਝੜਾ ਹੰਢਾ ਕੇ ਅੱਜ ਵੀ ਆਪਣੇ ਰਹਿਬਰਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਿਰੰਤਰ ਜੁੜਿਆ ਹੋਇਆ। ਆਉ ਸਾਧ ਸੰਗਤ ਜੀ ਉਨ੍ਹਾਂ ਦੀ ਚੰਗੀ ਸਿਹਤ ਦੀ ਕਾਮਨਾ ਕਰੀਏ ਅਤੇ ਇਸ ਪੁਸਤਕ ਨੂੰ ਆਪ ਪੜ੍ਹ ਕੇ ਹੋਰਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰੀਏ।

ਜੈ ਗੁਰੂਦੇਵ॥ ਧੰਨ ਗੁਰੂਦੇਵ॥

**ਰਮੇਸ਼ ਬੰਗੜ ਪੱਤਰਕਾਰ/ਲੇਖਕ**
**ਪਿੰਡ ਤੇ ਡਾਕ. ਸਿਕੰਦਰਪੁਰ ਅਲਾਵਲਪੁਰ**
**ਮੋ. 98765-50949**



# ਅਲਬੇਲਾ ਮਿਸ਼ਨਰੀ ਸ਼ਾਇਰ ਸ਼ਿਵਦਿਆਲ ਧੋਗੜੀ ਵਾਲਾ

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਕਾਲ ਨੂੰ ਮੱਧਕਾਲੀਨ ਭਾਰਤੀ ਸਮਾਂ ਕਿਹਾ ਜਾਂਦਾ ਹੈ। ਇਹ ਉਹ ਸਮਾਂ ਸੀ ਜਦੋਂ ਸਮੁੱਚੀ ਕਾਇਨਾਤ ਵਿਚ ਹਾਹਾਕਾਰ ਮਚੀ ਹੋਈ ਸੀ। ਹਰ ਪਾਸੇ ਕੂੜ ਪ੍ਰਧਾਨ ਸੀ। ਛੂਆ-ਛਾਤ, ਲੁੱਟ-ਖਸੁੱਟ, ਸਮਾਜਿਕ ਵਿਤਕਰੇ, ਧਾਰਮਿਕ ਕੱਟੜਤਾ, ਅਨਿਆਂ ਅਤੇ ਨਾ-ਬਰਾਬਰੀ ਵਰਗੀਆਂ ਅਲਾਮਤਾਂ ਨਾਲ ਪੂਰਾ ਤਾਣਾ-ਬਾਣਾ ਗਰੱਸਿਆ ਹੋਇਆ ਸੀ। ਅਜਿਹੇ ਨਾਬਾਰਦ ਹਲਾਤਾਂ 'ਚ ਸਤਿਗੁਰੂ ਜੀ ਨੇ ਏਕਤਾ, ਅਖੰਡਤਾ ਅਤੇ ਸਾਂਝੀਵਾਲਤਾ ਦਾ ਝੰਡਾ ਬੁਲੰਦ ਕੀਤਾ। ਉਨ੍ਹਾਂ ਨੇ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਆਰਥਿਕ ਪ੍ਰਸਿਥਤੀਆਂ ਵਿਰੁੱਧ ਸੱਚ ਦੀ ਆਵਾਜ਼ ਨੂੰ ਪ੍ਰਚੰਡ ਕੀਤਾ।

ਸਾਡੀ ਸੰਸਥਾ ਨੇ ਆਰੰਭ ਵਿਚ ਹੀ ਸੰਕਲਪ ਲਿਆ ਸੀ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ, ਉਦੇਸ਼ਾਂ, ਜੀਵਨ ਸੰਘਰਸ਼ ਅਤੇ ਸਿੱਖਿਆਵਾਂ ਨੂੰ ਜਨ-ਜਨ ਤੱਕ ਪੁੱਜਦਾ ਕਰਨ ਲਈ ਯੋਗ ਤੇ ਢੁਕਵੇਂ ਉਪਰਾਲੇ ਕੀਤੇ ਜਾਣ। ਅਰੰਭ ਵਿੱਚ ਅਸੀਂ ਟ੍ਰੈਕਟ ਛਾਪਣ ਦਾ ਕਾਰਜ ਆਰੰਭ ਕੀਤਾ। ਬੇਸ਼ੱਕ ਇਹ ਟ੍ਰੈਕਟ (ਕਿਤਾਬਚਾ) ਅਕਾਰ ਵਿਚ ਛੋਟਾ ਹੁੰਦਾ ਹੈ। ਪ੍ਰੰਤੂ ਇਸ ਦੀ ਛਪਣ ਗਿਣਤੀ ਹਜ਼ਾਰਾਂ 'ਚ ਹੁੰਦੀ ਹੈ। ਇਹ ਵੱਡਾ ਸੰਦੇਸ਼ ਛੱਡਣ ਦੀ ਸਮਰੱਥਾ ਰੱਖਦਾ ਹੈ। ਇਸ ਤਰ੍ਹਾਂ ਹੀ ਪੁਸਤਕ ਲਹਿਰ ਉਤਪੰਨ ਕਰਨ ਦਾ ਸਾਡਾ ਯਤਨ ਜਾਰੀ ਰਹਿੰਦਾ ਰਹੇਗਾ। ਛਾਪਣ ਸਮੱਗਰੀ ਵਿਚ ਸੰਸਥਾ ਕੌਮ ਦੇ ਪ੍ਰਸਿੱਧ ਲਿਖਾਰੀਆਂ ਜਾਂ ਅਤਿ ਮਹੱਤਵਪੂਰਨ ਰਚਨਾਵਾਂ ਦੀ ਚੋਣ ਕਰਦੇ ਆਏ ਹਾਂ ਤਾਂ ਕਿ ਬੇਗ਼ਮਪੁਰੇ ਦੇ ਫਲਸਫ਼ੇ ਨੂੰ ਤੇ ਮਿਸ਼ਨ ਦੀ ਗੱਲ ਜਨ-ਸਧਾਰਨ ਤੱਕ ਪਹੁੰਚਾਇਆ ਜਾਵੇ। ਗੁਰੂ ਸਾਹਿਬਾਨਾਂ ਅਤੇ ਕੌਮੀ ਰਹਿਬਰਾਂ ਦੇ ਇਤਿਹਾਸਕ ਤੇ ਵਿਚਾਰਧਾਰਕ ਸਿਧਾਂਤਾਂ ਤੋਂ ਜਾਣੂ ਕਰਵਾਇਆ ਜਾਏ। ਇਸੇ ਕੜੀ ਤਹਿਤ ਮਿਸ਼ਨ ਦੇ ਪ੍ਰਸਿੱਧ ਸ਼ਾਇਰ, ਲੇਖਕ, ਬੁੱਧੀਜੀਵੀ ਸ਼੍ਰੀਮਾਨ ਸ਼ਿਵਦਿਆਲ ਅਣਜਾਣ ਧੋਗੜੀ ਵਾਲੇ ਦੀ ਹੱਥਲੀ ਪੁਸਤਕ ਛਾਪਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਵੈਸੇ ਵੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਸ਼ਰਧਾਵਾਨ ਸ਼ਰਧਾਲੂਆਂ ਦੀ ਮੰਗ ਸੀ ਕਿ ਅਣਜਾਣ ਨੂੰ ਅਕਸਰ ਕੌਮੀ ਸਟੇਜ਼ਾਂ ਉੱਤੇ ਤਾਂ ਸੁਣਿਆ ਹੈ, ਇਸ ਲਈ ਉਸ ਨੂੰ ਪੁਸਤਕ ਰੂਪ ਵਿੱਚ ਛਾਪਿਆ ਜਾਵੇ। ਉੱਘਾ ਮਿਸ਼ਨਰੀ ਲੇਖਕ ਅਣਜਾਣ ਧੋਗੜੀ ਵਾਲਾ ਕਿਸੇ ਖਾਸ ਜਾਣਕਾਰੀ ਦਾ ਮੁਥਾਜ ਨਹੀਂ ਹੈ। ਅਕਸਰ ਅਸੀਂ ਉਸ ਨੂੰ ਕੌਮੀ ਸਟੇਜ਼ਾਂ 'ਤੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ, ਗੀਤਾਂ ਆਦਿ ਦਾ ਗੁਣਗਾਣ ਕਰਦਿਆਂ ਸੁਣਦੇ ਆਏ ਹਾਂ। ਜੋ ਸਰੋਤਿਆਂ ਦੇ ਧੁਰ ਅੰਤਰ ਆਤਮਾ ਤੱਕ ਪੁੱਜਣ ਦੇ ਸਮਰੱਥ ਹੁੰਦੀਆਂ ਹਨ। ਆਪ ਜੀ ਦਾ ਜਨਮ ਸੰਨ 1947 ਨੂੰ ਇਕ ਪੁਰਾਤਨ ਤੇ ਮਹੱਤਵਪੂਰਨ ਪਿੰਡ ਧੋਗੜੀ, ਨਜ਼ਦੀਕ ਸਿਕੰਦਰਪੁਰ ਅਲਾਵਲਪੁਰ, ਜ਼ਿਲ੍ਹਾ ਜਲੰਧਰ ਵਿਖੇ ਪਿਤਾ ਸ੍ਰੀਮਾਨ ਕਰਤਾਰ ਚੰਦ ਅਤੇ ਮਾਤਾ ਸ੍ਰੀਮਤੀ ਕੇਸਰੀ ਜੀ ਦੇ ਘਰ ਹੋਇਆ। ਇਹ ਉਹ ਸਮਾਂ ਸੀ ਜਦੋਂ ਛੂਆ-ਛਾਤ, ਆਰਥਿਕ,

ਸਮਾਜਿਕ ਅਤੇ ਧਾਰਮਿਕ ਨਾ-ਬਰਾਬਰੀ ਦਾ ਪਸਾਰਾ ਆਮ ਪਸਰਿਆ ਹੋਇਆ ਸੀ। ਇਨ੍ਹਾਂ ਸਮਾਜਿਕ ਪ੍ਰਸਥਿਤੀਆਂ ਨੇ ਅਣਜਾਣ ਧੋਗੜੀ ਵਾਲੇ ਨੂੰ ਕਲਮ ਚੁੱਕਣ ਲਈ ਮਜਬੂਰ ਕਰ ਦਿੱਤਾ। ਦੂਜਾ ਇਹ ਦੌਰ ਹੀ ਅਜਿਹਾ ਸੀ ਜਦੋਂ ਸਾਡੇ ਰਹਿਬਰਾਂ ਦਾ ਇਤਿਹਾਸ ਬਹੁਤ ਘੱਟ ਮਾਤਰਾ ਵਿੱਚ ਉਪਲਬਧ ਹੋਇਆ ਕਰਦਾ ਸੀ। ਅਜਿਹੇ ਹਾਲਾਤਾਂ 'ਚ ਗੁਰੂ ਜੀ ਦੀ ਉਪਮਾਂ ਨੂੰ ਛੰਦ-ਬੰਦ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਇਨ੍ਹਾਂ ਪ੍ਰਸਥਿਤੀਆਂ 'ਚੋਂ ਅਣਜਾਣ ਦੇ ਧੁਰ ਸਮਤਿਕ ਅੰਦਰ ਜਗਿਆਸਾ ਰਹੀ ਕਿ ਗੁਰੂ ਜੀ ਦੀ ਉਪਮਾ ਦਾ ਵਿਖਿਆਨ ਹਰ ਹਾਲਤ ਵਿਚ ਕਰਨਾ ਹੀ ਹੈ। ਸਾਧਨ ਬੜੇ ਸੀਮਤ ਸਨ। ਆਰਥਿਕ ਵਸੀਲੇ ਨਾ-ਮਾਤਰ ਸਨ। ਆਪ ਨੇ ਕੌਮੀ ਵਿਦਵਾਨਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ। ਰਹਿੰਦੀ ਕਸਰ ਉਦੋਂ ਪੂਰੀ ਹੋਈ ਜਦੋਂ ਆਪ ਦਾ ਨਾਤਾ ਡੇਰਾ ਮਹਾਨਪੁਰੀ ਕਾਹਰੀ ਸਾਹਰੀ ਵਾਲੇ ਸੰਤ ਮਹਾਂਪੁਰਸ਼ਾਂ ਸੰਗ ਜੁੜਨ ਦਾ ਸਬੱਬ ਬਣਿਆ। ਇਥੇ ਸੰਤ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਆਪ ਨੇ ਰਾਗ ਕੀਰਤਨ ਤੇ ਕਥਾ ਪ੍ਰਵਾਹ ਆਦਿ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਿਆ। ਬਾਅਦ ਵਿਚ ਸਤਿਗੁਰਾਂ ਦੀ ਅਪਾਰ ਕ੍ਰਿਪਾ ਨਾਲ ਆਪ ਨੇ ਨਾਮ ਦਾਨ ਦੀ ਬਖਸ਼ਿਸ਼ ਸ਼੍ਰੀਮਾਨ ਸੰਤ ਸੇਵਾ ਦਾਸ ਜੀ ਮਹਾਰਾਜ ਜੀ ਕਾਹਰੀ-ਸਾਹਰੀ ਵਾਲਿਆਂ ਤੋਂ ਪ੍ਰਾਪਤ ਕੀਤੀ। ਸ਼ਾਇਰੀ ਦੀਆਂ ਜਰਬਾਂ ਤਕਸੀਮਾਂ ਆਪ ਨੇ ਉਸ ਸਮੇਂ ਦੇ ਪ੍ਰਸਿੱਧ ਸ਼ਾਇਰਾਂ ਸ੍ਰੀਮਾਨ ਕਰਮ ਚੰਦ ਬਿਜਲੀ ਅਤੇ ਸ੍ਰੀਮਾਨ ਕਿਸ਼ਨ ਸਿੰਘ ਮਸਤਾਨਾ ਨਾਹਲਾ ਵਾਲਿਆਂ ਤੋਂ ਗ੍ਰਹਿਣ ਕੀਤੀਆਂ। ਫਿਰ ਬਹੁਤਾ ਸਮਾਂ ਨਾ ਲੱਗਾ ਜਦੋਂ ਆਪ ਕੌਮੀ ਸਟੇਜ਼ਾਂ ਦੇ ਸ਼ਾਹ-ਅਸਵਾਰ ਬਣ ਗਏ। ਸਮਾਂ ਪਾ ਕੇ ਆਪ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ ਦੇ ਵੱਖ-ਵੱਖ ਡੇਰਿਆਂ ਵਿਚ ਆਪ ਆਪਣੀ ਭਰਪੂਰ ਹਾਜ਼ਰੀ ਲਗਵਾਉਣ ਲੱਗੇ। ਆਪ ਨੇ ਮਿਸ਼ਨ ਦੇ ਪ੍ਰਚਾਰ ਲਈ ਇੰਗਲੈਂਡ ਦੀ ਧਰਤੀ 'ਤੇ ਵੀ ਆਪਣੀਆਂ ਅਹਿਮ ਸੇਵਾਵਾਂ ਨਿਭਾਈਆਂ ਹਨ। ਆਪ ਦੀ ਸ਼ਾਇਰੀ ਦੀ ਸੂਖਮ ਕਲਾ ਵੀ ਮਾਣ ਵਡਿਆਈ ਕਰਦਿਆਂ-ਕਰਦਿਆਂ ਆਪ ਜੀ ਨੂੰ ਕਈ ਸਭਾਵਾਂ ਨੇ ਬਣਦਾ ਮਾਣ ਤਾਣ ਬਖਸ਼ਿਸ਼ ਕੀਤਾ ਹੈ। ਜਿਨ੍ਹਾਂ 'ਚ ਡਾ. ਬੀ.ਆਰ. ਅੰਬੇਡਕਰ ਐਜੂਕੇਸ਼ਨ ਐਂਡ ਵੈਲਫੇਅਰ ਟਰੱਸਟ (ਰਜਿ.) ਰੰਧਾਵਾ ਮਸੰਦਾਂ, ਜ਼ਿਲ੍ਹਾ ਜਲੰਧਰ। ਸ਼੍ਰੀ ਗੁਰੂ ਰਵਿਦਾਸ ਗੁਰਧਾਮ ਵੈਲਫੇਅਰ ਕਮੇਟੀ ਮਾਧੋਪੁਰ, ਸਰਬੱਤ ਭਲਾ ਆਸ਼ਰਮ ਨਿਊ ਅਨੰਦ ਨਗਰ ਮਕਸੂਦਾਂ ਦੇ ਜਲੰਧਰ ਦੇ ਸੰਤ ਬਾਬਾ ਜਗੀਰ ਸਿੰਘ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਬਾਬਾ ਸਤਵਿੰਦਰ ਹੀਰਾ ਜੀ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ, ਇੰਗਲੈਂਡ ਦੇ ਵੱਖ-ਵੱਖ ਗੁਰਧਾਮ ਆਦਿ। ਪਿਛਲੇ ਕੁਝ ਸਮੇਂ ਤੋਂ ਸ਼ਿਵਦਿਆਲ ਅਣਜਾਣ ਧੋਗੜੀ ਵਾਲੇ ਸਿਹਤ ਪੱਖੋਂ ਥੋੜ੍ਹਾ ਮਹਿਫੂਜ਼ ਨਹੀਂ ਹਨ, ਪ੍ਰਮਾਤਮਾ ਅੱਗੇ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਦੀ ਤੰਦਰੁਸਤੀ ਦੀ ਅਰਦਾਸ ਕਰਦੇ ਹਾਂ।

**ਚਰਨਜੀਤ ਬਿਨਪਾਲਕੇ**
**ਜਨਰਲ ਸਕੱਤਰ :- ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਰਜਿ.)**
**ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ - 144201**
**ਮੋ. 98148-39944, 98722-42944, www.begumpuramission.com**



# ਸੰਸਥਾ ਦੇ ਨਿਰੰਤਰ ਵਧਦੇ ਉੱਦਮ ਸ਼ਲਾਘਾਯੋਗ

ਦੁਆਬੇ ਦੀ ਧਰਤੀ ਦੇ ਲੋਕ ਦੁਆਬੇ ਤੋਂ ਬਾਹਰ ਭਾਰਤ ਦੇ ਵੱਖ ਵੱਖ ਸੂਬਿਆਂ 'ਚ ਜਿੱਥੇ ਵਸੇ ਹਨ, ਉੱਥੇ ਉਹ ਭਾਰਤ ਤੋਂ ਬਾਹਰ ਵਿਸ਼ਵ ਭਰ ਦੇ ਵੱਖ-ਵੱਖ ਦੇਸ਼ਾਂ 'ਚ ਵੀ ਵਸੇ ਹਨ ਅਤੇ ਜਿੱਥੇ-ਜਿੱਥੇ ਵੀ ਗਏ ਹਨ, ਉਨ੍ਹਾਂ ਆਪਣੀ ਅਲੱਗ ਹੀ ਪਹਿਚਾਣ ਬਣਾਈ ਹੈ, ਸਫ਼ਲਤਾਵਾਂ ਹਾਸਲ ਕੀਤੀਆਂ ਹਨ ਚਾਹੇ ਸਮਾਜਿਕ ਹੋਣ, ਧਾਰਮਿਕ ਹੋਣ ਜਾਂ ਰਾਜਨੀਤਕ, ਕੰਮਕਾਰ ਅਤੇ ਖੇਡਾਂ ਜਾਂ ਵਿੱਦਿਅਕ ਖੇਤਰ ਆਦਿ। ਇਥੋਂ ਤੱਕ ਕਿ ਉਹ ਗ਼ਦਰੀ ਬਾਬਿਆਂ ਦੇ ਨਾਂਅ ਤੇ ਮੇਲੇ, ਸੱਭਿਆਚਾਰਕ ਮੇਲੇ, ਪੰਜਾਬੀ ਸਾਹਿਤ ਸਭਾਵਾਂ ਬਣਾ ਕੇ ਆਪਣੀਆਂ ਸਰਗਰਮੀਆਂ ਨਾਲ ਪੰਜਾਬੀ ਭਾਈਚਾਰੇ ਨੂੰ ਤੇ ਉਨ੍ਹਾਂ ਦੇ ਵਾਰਸਾਂ ਨੂੰ ਪੰਜਾਬ ਦੀ ਵਿਰਾਸਤ ਨਾਲ ਜੋੜ ਕੇ ਰੱਖਣ ਦੇ ਉਪਰਾਲੇ ਕਰਦੇ ਰਹਿੰਦੇ ਹਨ।

ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਉਹ ਸਾਡੀ ਜਨਮ ਭੂਮੀ ਹੈ, ਇਸ ਜਨਮ ਭੂਮੀ ਦੇ ਜਾਇਆਂ ਨੂੰ ਮਾਂ ਬੋਲੀ ਪੰਜਾਬੀ ਤੇ ਪੰਜਾਬ ਪ੍ਰਾਂਤ ਦੀ ਗੁੜ੍ਹਤੀ ਦੇਸ਼ ਵਿਦੇਸ਼ 'ਚ ਪੰਜਾਬੀ ਸਾਹਿਤ ਸੰਸਥਾਵਾਂ ਨਾਲ ਜੋੜੀ ਰੱਖਦੀ ਹੈ। ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਵੱਲੋਂ ਸਟੇਜੀ ਕਵੀ, ਬੁੱਧੀਜੀਵੀ ਚਿੰਤਕ, ਇਤਿਹਾਸਕ ਖੋਜਾਰਥੀ, ਜਨਾਬ ਸ੍ਰੀਮਾਨ ਸ਼ਿਵਦਿਆਲ ਅਨਜਾਣ ਧੋਗੜੀ ਵਾਲਾ ਦੁਆਰਾ ਰਚਿਤ ਕਾਵਿ ਰਚਨਾਵਾਂ ਦੀ ਪੁਸਤਕ 'ਉਪਕਾਰ ਗੁਰੂ ਰਵਿਦਾਸ ਦੇ' ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸ ਸੰਸਥਾ ਦੇ ਮੁੱਖ ਪ੍ਰਬੰਧਕ ਸ਼੍ਰੀਮਾਨ ਚਰਨਜੀਤ ਸਿੰਘ ਬਿਨਪਾਲਕੇ ਅਤੇ ਉਨ੍ਹਾਂ ਦੇ ਜੁਝਾਰੂ ਸਾਥੀਆਂ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਸੰਸਥਾ ਪਿਛਲੇ ਵੀਹ ਇੱਕੀ ਸਾਲਾਂ ਤੋਂ ਬੇਗਮਪੁਰੇ ਦੇ ਫਲਸਫ਼ੇ ਦੀ ਸਥਾਪਤੀ ਹਿੱਤ ਭਗਵਾਨ ਵਾਲਮੀਕ, ਸਤਿਗੁਰੂ ਨਾਮਦੇਵ, ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਧੁਰ ਕੀ ਬਾਣੀ ਤੇ ਵਿਆਖਿਆ, ਵਿਚਾਰਧਾਰਾ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਸੰਘਰਸ਼ ਦੀਆਂ ਕਿਤਾਬਾਂਦੇ ਪ੍ਰਕਾਸ਼ਨ ਦੁਆਰਾ ਪ੍ਰਚਾਰ ਪ੍ਰਸਾਰ ਵਿੱਚ ਜੁਟੀ ਹੋਈ ਹੈ।

ਇਸ ਕਿਤਾਬ ਤੋਂ ਪਹਿਲਾਂ ਵੀ ਸੰਸਥਾ ਵੱਲੋਂ ਪ੍ਰਸਿੱਧ ਬੁੱਧੀਜੀਵੀ ਚਿੰਤਕ ਤੇ ਖੋਜਾਰਥੀ ਐਡਵੋਕੇਟ ਪ੍ਰੋ. ਲਾਲ ਸਿੰਘ (ਹੁਣ ਅਕਾਲ ਚਲਾਣਾ ਕਰ ਗਏ) ਦੀਆਂ ਅਨਮੋਲ ਕਿਤਾਬਾਂ ਪ੍ਰਕਾਸ਼ਿਤ ਕਰਕੇ ਸਤਿਗੁਰੂ ਰਵਿਦਾਸ ਜੀ ਦੇ ਲੱਖਾਂ ਅਨੁਯਾਈਆਂ ਦੇ ਸਪੁਰਦ ਕੀਤੀਆਂ ਹਨ। ਸੰਸਥਾ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਵਿਚਾਰਧਾਰਾ ਅਤੇ ਗਦਰੀ ਬਾਬਾ ਮੰਗੂ ਰਾਮ ਮੂਗੋਵਾਲੀਆ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜੀਵਨ

ਵਿਚਾਰਧਾਰਾ ਸੰਬੰਧੀ ਕਿਤਾਬਚੇ ਪ੍ਰਕਾਸ਼ਿਤ ਕੀਤੇ ਹਨ। ਜਿੱਥੋਂ ਤਕ ਸ਼ਿਵਦਿਆਲ ਅਨਜਾਣ ਧੋਗੜੀ ਜੀ ਵਾਲਿਆਂ ਦੀ ਗੱਲ ਹੈ ਉਹ ਆਪਣੇ ਆਪ 'ਚ ਸਿਰਫ਼ ਇੱਕ ਵਿਅਕਤੀ ਹੀ ਨਹੀਂ ਬਲਕਿ ਪ੍ਰਗਤੀਸ਼ੀਲ, ਜੁਝਾਰੂ ਕਵੀ ਹਨ। ਉਨ੍ਹਾਂ ਦੀਆਂ ਜੋਸ਼ੀਲੀਆਂ ਕਵਿਤਾਵਾਂ, ਗੀਤ ਆਦਿ ਸਰੋਤਿਆਂ ਵਿੱਚ ਨਵੀਂ ਰੂਹ ਫੂਕਦੀਆਂ ਹਨ। ਉਨ੍ਹਾਂ ਦੀਆਂ ਕਵਿਤਾਵਾਂ, ਗੀਤਾਂ ਨਾਲ ਜੋਸ਼ ਜਾਗਦਾ ਹੈ। ਉਮੀਦ ਹੈ ਕਿ ਹੱਥਲੀ ਕਿਤਾਬ ਸਾਂਭਣਯੋਗ ਦਸਤਾਵੇਜ਼ ਹੋਵੇਗਾ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਸੰਸਥਾ ਦੇ ਇਸ ਉਪਰਾਲੇ ਦੀ ਪ੍ਰਸੰਸ਼ਾ ਕਰਦਿਆਂ ਸ਼ੁਭਕਾਮਨਾਵਾਂ ਭੇਟ ਕਰਦਾ ਹੈ।


**ਪੀ.ਕੇ. ਚੁੰਬਰ(ਮੁੱਖ ਸੰਪਾਦਕ)**

**'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ'**

**ਕੈਲੀਫੋਰਨੀਆ (ਅਮਰੀਕਾ)**

ਫ਼ੋਨ - 001-916-947-8920






# ਸਾਡੇ ਪਿੰਡ ਧੋਗੜੀ ਦਾ ਮਾਣ ਸ਼ਿਵਦਿਆਲ ਅਨਜਾਣ

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣਾ ਸਮੁੱਚਾ ਜੀਵਨ ਮਾਨਵਤਾ ਦੀ ਭਲਾਈ ਹਿੱਤ ਲਾਇਆ। ਉਨ੍ਹਾਂ ਨੇ ਸਮਾਜਿਕ, ਧਾਰਮਿਕ ਅਤੇ ਆਰਥਿਕ ਨਾਬਰਾਬਰੀ ਵਿਰੁੱਧ ਏਕਤਾ ਅਤੇ ਅਣਖ਼ ਦਾ ਝੰਡਾ ਬੁਲੰਦ ਕੀਤਾ ਅਤੇ ਉਸ ਸਮੇਂ ਦੇ ਹਾਕਮਾਂ ਅੱਗੇ ਨਿਧੜਕ ਹੋ ਕੇ ਸੱਚ ਦੀ ਇਹ ਆਵਾਜ਼ ਉਠਾਈ –

**''ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,**
**ਛੋਟੇ ਵੱਡੇ ਸਭ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।''**

ਪੁਰਾਣੇ ਸਮੇਂ ਤੋਂ ਹੀ ਪੰਜਾਬ ਵਿਚ ਖਾਸਕਰ ਪਿੰਡਾਂ 'ਚ ਸਤਿਗੁਰੂ ਰਵਿਦਾਸ ਸਭਾਵਾਂ ਨੂੰ ਇਸ ਗੱਲ ਪ੍ਰਤੀ ਹਮੇਸ਼ਾ ਤੌਖਲਾ ਰਿਹਾ ਹੈ ਕਿ ਸਭਾਵਾਂ ਪਾਸ ਸਤਿਗੁਰਾਂ ਦਾ ਮੁਕੰਮਲ ਇਤਿਹਾਸ ਉੱਪਲਬਧ ਨਹੀਂ ਹੋ ਸਕਿਆ। ਸਭਾਵਾਂ ਦਾ ਇਹ ਤੌਖਲਾ ਬਿਲਕੁਲ ਜਾਇਜ਼ ਵੀ ਸੀ, ਕਿਉਂਕਿ ਸਾਡੇ ਪਾਸ ਉੱਚ ਕੋਟੀ ਦੇ ਵਿਦਵਾਨਾਂ, ਇਤਿਹਾਸਕਾਰਾਂ, ਬੁੱਧੀਜੀਵੀ ਲੇਖਕਾਂ, ਖੋਜਾਰਥੀਆਂ ਚਿੰਤਕਾਂ ਦੀ ਹਮੇਸ਼ਾ ਵੱਡੀ ਘਾਟ ਰਹੀ ਹੈ, ਜੋ ਸਤਿਗੁਰਾਂ ਦੇ ਸਮੁੱਚੇ ਜੀਵਨ ਸੰਘਰਸ਼ ਅਤੇ ਇਤਿਹਾਸ ਨੂੰ ਸਾਡੇ ਸਨਮੁੱਖ ਰੱਖ ਸਕਣ। ਪ੍ਰੰਤੂ ਸੱਤਵੇਂ ਦਹਾਕੇ 'ਚ ਬਾਬੂ ਮਲੂਕ ਚੰਦ ਜਾਡਲੇ ਵਾਲੇ ਨੇ ਰੰਗਮੰਚ ਰਾਹੀਂ, ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦੇ ਪ੍ਰਚਾਰ ਨੂੰ ਤੇ ਪ੍ਰਸਾਰ ਨੂੰ ਆਪਣੀਆਂ ਕਲਾਤਮਿਕ ਰੁਚੀਆਂ ਅਨੁਸਾਰ ਅੱਗੇ ਤੋਰਿਆ, ਭਾਵੇਂ ਉਸ ਦੀਆਂ ਕਲਾਤਮਿਕ ਕਲਾਵਾਂ ਦਾ ਵਿਰੋਧ ਵੀ ਹੋਇਆ ਪ੍ਰੰਤੂ ਉਸ ਦੁਆਰਾ ਪਿੰਡਾਂ–ਕਸਬਿਆਂ 'ਚ ਗੁਰੂ ਜੀ ਦੇ ਫੈਲਾਏ ਫਲਸਫ਼ੇ ਅਤੇ ਮਿਸ਼ਨ ਨੂੰ ਅਸੀਂ ਮਨਫ਼ੀ ਨਹੀਂ ਕਰ ਸਕਦੇ। ਮਹਾਨ ਕਵੀ ਚਰਨ ਸਿੰਘ ਸਫ਼ਰੀ, ਗੁਰਦਾਸ ਰਾਮ ਆਲਮ, ਚਾਨਣ ਲਾਲ ਮਾਣਕ, ਲਾਲ ਸਿੰਘ ਦਿਲ, ਭੁੱਲਾ ਰਾਮ ਚੰਨ ਗੁਰਾਇਆ ਵਾਲਾ, ਭਗਤ ਰਾਮ ਦੀਵਾਨਾ, ਦੀਵਾਨਾ ਵੱਠੀਆਂ ਵਾਲਾ, ਸੋਹਣ ਸਹਿਜਲ, ਸੋਖੀ ਸੁੰਨੜਾਂ ਵਾਲਾ, ਸਵ: ਬਲਵੀਰ ਜਗਤਪੁਰੀ, ਰੱਤੂ ਰੰਧਾਵਾ, ਮਹਿੰਦਰ ਸੰਧੂ ਮਹੇੜੂ, ਸਤਪਾਲ ਸਾਹਲੋਂ, ਰੂਪ ਲਾਲ ਧੀਰ, ਐਸ.ਐਸ. ਅਜ਼ਾਦ ਪੰਛੀ ਡੱਲੇਵਾਲੀਆ ਤੇ ਹੋਰ ਨਾਮਵਰ ਸ਼ਾਇਰਾਂ, ਗੀਤਕਾਰਾਂ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ। ਪ੍ਰੰਤੂ ਇਨ੍ਹਾਂ ਸ਼ਾਇਰਾਂ, ਗੀਤਕਾਰਾਂ 'ਚ ਇਕ ਨਾਮ ਹੋਰ ਸਾਹਮਣੇ ਉੱਤਰ ਕੇ ਆਉਂਦਾ ਹੈ ਉਹ ਹੈ ਸ਼ਿਵਦਿਆਲ ਅਣਜਾਣ ਧੋਗੜੀ ਵਾਲੇ ਦਾ। ਜਿਸ ਨੇ ਸੰਤ ਮਾਹਨ ਦਾਸ ਜੀ ਕਾਹਰੀ ਸਾਹਰੀ ਡੇਰੇ ਦੇ ਮਹਾਨ ਸੰਤ ਸੰਤੋਖ ਦਾਸ ਮਹਾਰਾਜ ਜੀ ਤੋਂ ਨਾਮ ਦਾਨ ਦੀ ਪ੍ਰਾਪਤੀ ਕਰਕੇ, ਅਧਿਆਤਮਕ ਸਿੱਖਿਆ ਲੈ ਕੇ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਆਪਣੀ ਕਲਮ ਅਤੇ

ਆਵਾਜ਼ ਦੇ ਮਾਧਿਅਮ ਨਾਲ ਤੋਰਿਆ।

ਗਿਆਨੀ ਸ਼ਿਵ ਦਿਆਲ ਸਿੰਘ ਅਨਜਾਣ ਵਾਸੀ ਪਿੰਡ ਧੋਗੜੀ, ਜ਼ਿਲ੍ਹਾ ਜਲੰਧਰ ਜਿਨ੍ਹਾਂ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਪੂਰੇ ਸੰਸਾਰ ਵਿਚ ਆਪਣੇ ਪ੍ਰਵਚਨਾਂ ਰਾਹੀਂ ਦੇਸ਼-ਵਿਦੇਸ਼ ਵਿਚ ਪਹੁੰਚਾਇਆ। ਇਹ ਕੌਮ ਦਾ ਅਨਮੋਲ ਹੀਰਾ ਹੈ। ਅਨਜਾਣ ਦੀਆਂ ਸਤਿਗੁਰੂ ਰਵਿਦਾਸ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਵੱਖ-ਵੱਖ ਕਲਾਕਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਜਿਸ ਕਰਕੇ ਪਿੰਡ ਧੋਗੜੀ ਦਾ ਨਾਂ ਪੂਰੇ ਸੰਸਾਰ ਵਿਚ ਪ੍ਰਚੱਲਿਤ ਹੋਇਆ ਹੈ। ਸ਼ਿਵ ਦਿਆਲ ਅਨਜਾਣ ਵਰਗੇ ਪ੍ਰਚਾਰਕ ਬਹੁਤ ਘੱਟ ਮਿਲਦੇ ਹਨ ਜੋ ਕਿ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਂਦੇ ਹਨ।

ਗਿਆਨੀ ਸ਼ਿਵ ਦਿਆਲ ਅਨਜਾਣ ਇਕ ਵਧੀਆ ਸੋਚ ਵਾਲੇ ਇਨਸਾਨ ਹਨ ਜਿਨ੍ਹਾਂ ਨੇ ਸ਼ੁਰੂ ਤੋਂ ਆਪਣੀ ਜ਼ਿੰਦਗੀ ਕੌਮ ਦੇ ਲੇਖੇ ਲਾਈ ਹੈ। ਇਕ ਵਧੀਆ ਪ੍ਰਚਾਰਕ ਬਣ ਕੇ ਸਮਾਜ ਵਿਚ ਉਤਰੇ ਹਨ ਜਿਸ ਕਰਕੇ ਵੱਖ-ਵੱਖ ਗੁਰੂ ਘਰਾਂ ਦੀਆਂ ਕਮੇਟੀਆਂ ਗਿਆਨੀ ਜੀ ਦਾ ਬਹੁਤ ਸਤਿਕਾਰ ਕਰਦੀਆਂ ਹਨ। ਇਲਾਕੇ ਦੇ ਪ੍ਰਸਿੱਧ ਵਿਦਵਾਨਾਂ ਵਿਚ ਇਹਨਾਂ ਦਾ ਨਾਂ ਗਿਣਿਆ ਜਾਂਦਾ ਹੈ। ਆਪ ਸਾਰੇ ਹੀ ਧਰਮਾਂ ਦਾ ਇਹ ਸਤਿਕਾਰ ਕਰਦੇ ਹਨ ਕਿਉਂਕਿ ਇਨ੍ਹਾਂ ਨੂੰ ਸਾਰੇ ਗੁਰੂ ਸਾਹਿਬਾਨਾਂ ਦੀ ਬਾਣੀ ਦਾ ਬਹੁਤ ਗਿਆਨ ਹੈ। ਜਿਸ ਕਰਕੇ ਸਾਰੇ ਹੀ ਸਮਾਜ ਵਿਚ ਇਹਨਾਂ ਦਾ ਵਡਮੁੱਲਾ ਯੋਗਦਾਨ ਹੈ। ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਪਿੰਡ ਧੋਗੜੀ ਇਹਨਾਂ ਦਾ ਬਹੁਤ ਸਤਿਕਾਰ ਕਰਦੀ ਹੈ ਕਿਉਂਕਿ ਇਹ ਸਮੇਂ-ਸਮੇਂ ਸਿਰ ਪ੍ਰਬੰਧਕ ਕਮੇਟੀ ਨੂੰ ਮਾਰਗ ਦਰਸ਼ਨ ਕਰਦੇ ਰਹਿੰਦੇ ਹਨ। ਪਿੰਡ ਦੀ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਦੀਆਂ ਕ੍ਰਾਂਤੀਕਾਰੀ ਕਵਿਤਾਵਾਂ ਦੀ ਕਿਤਾਬ 'ਉਪਕਾਰ ਗੁਰੂ ਰਵਿਦਾਸ ਦੇ' ਪ੍ਰਕਾਸ਼ਿਤ ਕਰਨ ਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.), ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ ਦਾ ਬਹੁਤ-ਬਹੁਤ ਧੰਨਵਾਦ ਹੈ।

ਸਾਨੂੰ ਧੋਗੜੀ ਨਿਵਾਸੀਆਂ ਨੂੰ ਸ਼ਿਵਦਿਆਲ ਅਣਜਾਣ ਤੇ ਹਮੇਸ਼ਾ ਮਾਣ ਰਹੇਗਾ।

**ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ**
**ਪਿੰਡ ਤੇ ਡਾਕ. ਧੋਗੜੀ, ਜ਼ਿਲ੍ਹਾ ਜਲੰਧਰ (144024)**
**98141-41720, 94639-32403**
**ਪ੍ਰਧਾਨ - ਰੂਪ ਲਾਲ, ਸਕੱਤਰ, ਬੂਟਾ ਰਾਮ ਖਜ਼ਾਨਚੀ, ਗੁਰਦਿਆਲ ਚੰਦ ਪਰਮਾਨੰਦ**
**ਮੈਂਬਰ - ਕੁਲਦੀਪ ਕੀਪਾ, ਡਿੰਪੀ, ਪ੍ਰੇਮ ਲਾਲ, ਪਰਮਜੀਤ, ਅਵਤਾਰ ਚੰਦ ਤਾਰੀ, ਪ੍ਰਭਦਿਆਲ, ਹਰਜੀਤ ਕੁਮਾਰ।**



# ਬੇਖੌਫ਼ ਸਟੇਜ਼ੀ ਸ਼ਾਇਰ ਸ਼ਿਵਦਿਆਲ ਅਨਜਾਣ

ਇਹ ਜਾਣ ਕੇ ਬੜੀ ਪ੍ਰਸੰਨਤਾ ਅਤੇ ਖੁਸ਼ੀ ਮਹਿਸੂਸ ਹੋਈ ਹੈ, ਪ੍ਰਸਿੱਧ ਮਿਸ਼ਨਰੀ ਬੁੱਧੀਜੀਵੀ ਸਟੇਜ਼ੀ ਕਵੀ ਤੇ ਉੱਘੇ ਕੌਮੀ ਵਿਦਵਾਨ ਸ੍ਰੀਮਾਨ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਦੇ ਜੁਸ਼ੀਲੇ ਗੀਤਾਂ, ਕਵਿਤਾਵਾਂ ਤੇ ਹੋਰ ਕਾਵਿਕ ਰਚਨਾਵਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਜੀਵਨ ਫਲਸਫ਼ੇ, ਸਿੱਖਿਆਵਾਂ ਨੂੰ ਲੋਕਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਵਾਲੀ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਦੇ ਪ੍ਰਮੁੱਖ ਤੇ ਸਹਿਯੋਗੀ ਸਾਥੀਆਂ ਸ੍ਰੀਮਾਨ ਚਰਨਜੀਤ ਬਿਨਪਾਲਕੇ ਦਾ ਇਹ ਬਹੁਤ ਵੱਡਾ ਸ਼ਲਾਘਾਯੋਗ ਉਪਰਾਲਾ ਹੈ। ਮਿਸ਼ਨਰੀ ਕੌਮੀ ਕਵੀ ਸ਼ਿਵਦਿਆਲ ਅਨਜਾਣ ਧੋਗੜੀ ਵਾਲੇ ਨੂੰ ਅਕਸਰ ਵੱਖ-ਵੱਖ ਧਾਰਮਿਕ ਸਮਾਗਮਾਂ 'ਤੇ ਆਪਣੀ ਪੇਸ਼ਕਾਰੀ ਕਰਦਿਆਂ ਸੁਣਿਆ ਹੈ। ਉਸ ਦੀ ਦਮਦਾਰ, ਝੁਜਾਰੂ ਆਵਾਜ਼ ਆਮ ਸਰੋਤਿਆਂ ਨੂੰ ਕੀਲ ਕੇ ਬਿਠਾਉਣ ਦੀ ਸਮਰੱਥਾ ਰੱਖਦੀ ਹੈ। ਕੌਮ ਦੇ ਮਹਾਨ ਕਵੀਆਂ, ਬੁਧੀਜੀਵੀਆਂ, ਚਿੰਤਕਾਂ, ਖੋਜਾਰਥੀਆਂ, ਸਾਹਿਤਕਾਰਾਂ, ਇਤਿਹਾਸਕਾਰਾਂ ਦੀਆਂ ਰਚਨਾਵਾਂ ਨੂੰ ਸਾਂਭ ਕੇ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਨਾ ਸੰਸਥਾ ਦਾ ਵੱਡਾ ਉੱਦਮ ਹੈ। ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਅੱਡਾ ਕਿਸ਼ਨਗੜ੍ਹ (ਜਲੰਧਰ) ਸੰਸਥਾ ਦੇ ਇਸ ਕਾਰਜ ਲਈ ਸ਼ੁਭਕਾਮਨਾਵਾਂ ਭੇਂਟ ਕਰਦੀ ਹੈ। ਆਸ ਹੈ ਸੰਸਥਾ ਅਜਿਹੇ ਉਪਰਾਲਿਆਂ ਲਈ ਹਮੇਸ਼ਾ ਯਤਨਸ਼ੀਲ ਰਹੇਗੀ।

**ਸਮੂਹ ਅਹੁਦੇਦਾਰ ਅਤੇ ਮੈਂਬਰ**
**ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ**
**ਅੱਡਾ ਕਿਸ਼ਨਗੜ੍ਹ ਜ਼ਿਲ੍ਹਾ ਜਲੰਧਰ।**
**ਮੋਬਾਇਲ - 98154-53319, 98553-45462**

# ਦੁਆਬੇ ਦਾ ਮਾਣ ਸ਼ਿਵਦਿਆਲ ਅਨਜਾਣ

ਵਿਸ਼ੇ ਸੰਬੰਧੀ ਜਾਣ ਕੇ ਬੜੀ ਖੁਸ਼ੀ ਮਹਿਸੂਸ ਹੋਈ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਵੱਲੋਂ ਉੱਘੇ ਲਿਖਾਰੀ, ਵਿਦਵਾਨ, ਬੁੱਧੀਜੀਵੀ, ਸਟੇਜ਼ੀ ਕਵੀ ਗਿਆਨੀ ਸ਼ਿਵਦਿਆਲ ਸਿੰਘ ਅਨਜਾਣ ਧੋਗੜੀ ਦੁਆਰਾ ਰਚਿਤ ਗੀਤਾਂ, ਕਵਿਤਾਵਾਂ ਤੇ ਕ੍ਰਾਂਤੀਕਾਰੀ ਰਚਨਾਵਾਂ ਸਬੰਧੀ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਸੰਸਥਾ ਦਾ ਇਹ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਜ਼ਿਕਰਯੋਗ ਹੈ ਕਿ ਕ੍ਰਾਂਤੀਕਾਰੀ ਰਹਿਬਰ, ਜਗਤ ਗੁਰੂ, ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਲਈ ਸੰਸਥਾ ਵੱਲੋਂ ਪਹਿਲਾਂ ਹੀ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰ, ਪ੍ਰਸਾਰ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਹ ਕਹਿਣ ਵਿਚ ਕੋਈ ਅੱਤਕਥਨੀ ਨਹੀਂ ਹੈ ਕਿ ਆਦਿ ਧਰਮ ਸਮਾਜ ਦੇ ਕੋਲ ਜਿਥੇ ਗਹਿਰ ਗੰਭੀਰ ਬੁਧੀਜੀਵੀਆਂ, ਚਿੰਤਕਾਂ, ਇਤਿਹਾਸਕਾਰਾਂ, ਲੇਖਕਾਂ, ਕਵੀਆਂ, ਕਵੀਸ਼ਰਾਂ, ਰਾਗੀਆਂ, ਢਾਡੀਆਂ ਅਤੇ ਸਟੇਜ਼ੀ ਕਵੀਆਂ ਦੀ ਹਮੇਸ਼ਾ ਵੱਡੀ ਘਾਟ ਰਹੀ ਹੈ। ਇਹ ਗੱਲ ਦਾਅਵੇ ਵਾਲੀ ਹੈ ਕਿ ਸਟੇਜ਼ੀ ਕਵੀ ਸੁੱਤੀ ਕਲਾ ਜਗਾਉਣ ਦੀ ਸਮਰੱਥਾ ਰੱਖਦੇ ਹਨ। ਸੋ ਸਾਡੇ ਇਲਾਕੇ ਦਾ ਮਾਣ ਜਿਸ ਨੂੰ ਅਸੀਂ ਧੋਗੜੀ ਵਾਲਾ ਅਣਜਾਣ ਕਹਿ ਕੇ ਸ਼ੋਭਾ ਖੱਟਦੇ ਹਾਂ। ਉਸ ਦੀਆਂ ਹਿਰਦਿਆਂ ਨੂੰ ਝੰਜੋੜਨ ਵਾਲੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦੇਣਾ ਸੰਸਥਾ ਦਾ ਸ਼ਲਾਘਾਯੋਗ ਉਪਰਾਲਾ ਹੈ।

**ਸਨੇਹ ਨਾਲ ਤੁਹਾਡੇ ਆਪਣੇ**

ਸ੍ਰੀ ਸੰਤੋਖ ਲਾਲ ਬੱਧਣ, ਸ੍ਰੀ ਸੋਮ ਨਾਥ ਬੱਧਣ (ਐਕਸ ਸੀ.ਆਰ.ਪੀ.ਐਫ.), ਮਹਿੰਦਰ ਪਾਲ ਵਿਰਦੀ ਧਾਰਮਿਕ ਲੇਖਕ, ਮਾ: ਰਾਮ ਲੁਭਾਇਆ ਸਹਿਗਲ ਵਾਸੀ ਪਿੰਡ ਸਿਕੰਦਰਪੁਰ, ਨਜ਼ਦੀਕ ਅਲਾਵਲਪੁਰ, ਜ਼ਿਲ੍ਹਾ ਜਲੰਧਰ।



# ਕਈ ਦਹਾਕਿਆਂ ਦਾ ਸਟੇਜੀ ਸ਼ਾਇਰ ਅਨਜਾਣ ਧੋਗੜੀ ਵਾਲਾ

ਪੁਸਤਕ "ਉਪਕਾਰ ਗੁਰੂ ਰਵਿਦਾਸ ਦੇ" ਦੇ ਪ੍ਰਕਾਸ਼ਨ ਸਬੰਧੀ ਜਾਣ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਭੋਗਪੁਰ ਵੱਲੋਂ ਸਟੇਜ਼ੀ ਸ਼ਾਇਰ ਸ਼ਿਵ ਦਿਆਲ ਸਿੰਘ ਅਨਜਾਣ ਧੋਗੜੀ ਵਾਲਾ, ਜਿਸ ਨੇ ਕਈ ਦਹਾਕੇ ਸਟੇਜ਼ਾਂ ਤੋਂ ਆਪਣੀਆਂ ਜੋਸ਼ੀਲੀਆਂ ਅਤੇ ਕ੍ਰਾਂਤੀਕਾਰੀ ਰਚਨਾਵਾਂ ਨਾਲ ਆਦਿ ਧਰਮੀ ਸਮਾਜ ਨੂੰ ਆਦਿ ਗੁਰੂ ਸਹਿਬਾਨਾਂ ਦੇ ਬੇਗਮਪੁਰੇ ਦੇ ਫਲਸਫੇ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਅਸੀਂ ਆਪਣੇ ਵੱਖ-ਵੱਖ ਸਮਾਗਮਾਂ ਤੇ ਅਨਜਾਣ ਜੀ ਨੂੰ ਬੁਲਾ ਕੇ ਉਨ੍ਹਾਂ ਦੀਆਂ ਜੋਸ਼ੀਲੀਆਂ ਅਤੇ ਕ੍ਰਾਂਤੀਕਾਰੀ ਰਚਨਾਵਾਂ ਦਾ ਆਨੰਦ ਮਾਣਦੇ ਅਤੇ ਸਮਾਜ ਨੂੰ ਜਾਗ੍ਰਿਤ ਕਰਦੇ ਰਹੇ ਹਾਂ। ਸੰਸਥਾ ਦਾ ਅਨਜਾਣ ਜੀ ਦੀਆਂ ਇਨ੍ਹਾਂ ਕਵਿਤਾਵਾਂ, ਗੀਤਾਂ, ਲੋਕ ਤੱਥਾਂ ਅਤੇ ਸ਼ੇਅਰਾਂ ਨੂੰ ਇਕ ਕਿਤਾਬ ਦੇ ਰੂਪ ਵਿਚ ਸਾਂਭਣ ਅਤੇ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ। ਆਦਿ ਧਰਮੀ ਸਮਾਜ ਕੋਲ ਬਹੁਤ ਸਾਰੇ ਬੁੱਧੀਜੀਵੀ, ਚਿੰਤਕ, ਲਿਖਾਰੀ, ਸਾਹਿਤਕਾਰ ਕਥਾਵਾਚਕ ਤਾਂ ਸਨ ਪਰ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਮਾਣ ਸਨਮਾਨ ਦੇਣ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਸਾਂਭਣ ਦਾ ਉਪਰਾਲਾ ਅਜੇ ਬਾਕੀ ਹੈ। ਸਾਨੂੰ ਆਪਣੇ ਇਨ੍ਹਾਂ ਮਹਾਨ ਬਜੁਰਗ ਲੇਖਕਾਂ, ਵਿਦਵਾਨਾਂ ਯੋਧਿਆਂ ਦੀਆਂ ਜੀਵਨੀਆਂ, ਰਚਨਾਵਾਂ ਨੂੰ ਪੁਸਤਕਾਂ ਦੇ ਪ੍ਰਕਾਸ਼ਨ ਕਰਕੇ ਜਾਂ ਡਿਜ਼ੀਟਲ ਪੁਸਤਕਾਂ ਰਾਹੀਂ ਸਾਂਭਣ ਅਤੇ ਸਮਾਜ ਤਕ ਪਹੁੰਚਾਉਣ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਦੇ ਕੀਤੇ ਉਪਕਾਰਾਂ ਤੋਂ ਜਾਣੂ ਹੋ ਸਕਣ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਪਿਛਲੇ ਕਈ ਸਾਲਾਂ ਤੋਂ ਅਜਿਹੇ ਸੁਹਿਰਦ ਯਤਨਾਂ ਲਈ ਕਾਰਜਸ਼ੀਲ ਹੈ। ਸਾਨੂੰ ਇਨ੍ਹਾਂ ਦੀ ਆਰਥਿਕ ਤੌਰ 'ਤੇ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ਅਤੇ ਅਜਿਹੇ ਪੁਰਾਣੇ ਅਤੇ ਅਣਗੌਲੇ ਸਮਾਜ ਕਾਰਜਕਰਤਾਵਾਂ ਦੀ ਭਾਲ ਕਰਕੇ ਉਨ੍ਹਾਂ ਦੇ ਵੇਰਵੇ ਸੰਸਥਾ ਤੱਕ ਪਹੁੰਚਾਉਣੇ ਚਾਹੀਦੇ ਹਨ। ਅਨਜਾਣ ਧੋਗੜੀ ਦੀ ਇਸ ਪੁਸਤਕ "ਉਪਕਾਰ ਗੁਰੂ ਰਵਿਦਾਸ ਦੇ" ਦੇ ਪ੍ਰਕਾਸ਼ਨ ਦੀ ਸੰਸਥਾ ਨੂੰ ਮੈਂ ਬਹੁਤ ਬਹੁਤ ਵਧਾਈ ਦਿੰਦਾ ਹਾਂ।

**ਦਇਆ ਰਾਮ ਬਿਰਦੀ**

(ਉੱਘੇ ਸਮਾਜ ਸੇਵਕ ਅਤੇ ਸੱਭਿਆਚਾਰਕ ਸਕੱਤਰ)

**ਮੋਬਾਈਲ - 9780219748**

# ਪੁਸਤਕ ਦੇ ਪ੍ਰਕਾਸ਼ਨ ਸਹਿਯੋਗੀਆਂ ਦਾ ਧੰਨਵਾਦ

ਸ਼੍ਰੀ ਗੁਰੂ ਰਵਿਦਾਸ ਜੀ ਅਤੇ ਦੂਸਰੇ ਆਦਿਵਾਸੀ ਰਹਿਬਰਾਂ ਦੇ ਮਿਸ਼ਨ ਅਤੇ ਸਮੁੱਚੇ ਆਦਿਵਾਸੀ ਸਮਾਜ ਲਈ ਬਹੁਤ ਸਾਰੇ ਕਵੀਆਂ, ਕਵੀਸ਼ਰਾਂ, ਗਾਇਕਾਂ, ਸ਼ਾਇਰਾਂ, ਲੇਖਕਾਂ, ਵਿਦਵਾਨਾਂ, ਬੁੱਧੀਜੀਵੀਆਂ, ਚਿੰਤਕਾਂ ਅਤੇ ਕੌਮੀ ਕਾਰਜਕਰਤਾ ਯੋਧਿਆਂ ਵੱਲੋਂ ਆਪਣੇ ਜੀਵਨ ਦਾ ਲੰਮਾ ਸਮਾਂ ਗੁਰੂ ਸਾਹਿਬਾਨਾਂ ਦੀ ਬਾਣੀ ਤੇ ਵਿਚਾਰਧਾਰਾ ਅਤੇ ਸਮਾਜ ਦੀ ਭਲਾਈ ਹਿੱਤ ਲਗਾਇਆ ਹੈ। ਜੇ ਪਿਛਲੇ ਸਮੇਂ ਵੱਲ ਝਾਤੀ ਮਾਰੀਏ ਤਾਂ ਸਾਡਾ ਸਮਾਜ ਭਾਰੀ ਆਰਥਿਕ ਅਤੇ ਸਮਾਜਿਕ ਤੰਗੀਆਂ ਤੁਰਸ਼ੀਆਂ ਵਿੱਚੋਂ ਗੁਜ਼ਰਿਆ ਹੈ, ਅੱਜ ਵੀ ਸਾਡੇ ਸਮਾਜ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਦਸ਼ਾ ਬਹੁਤ ਚੰਗੀ ਨਹੀਂ ਹੈ। ਅਜਿਹੇ ਹਲਾਤਾਂ ਵਿੱਚ ਸਮਾਜ ਲਈ ਕੰਮ ਕਰਨਾ ਅਤੇ ਆਦਿਵਾਸੀ ਗੁਰੂ ਸਾਹਿਬਾਨਾਂ ਅਤੇ ਰਹਿਬਰਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਬਹੁਤ ਹੀ ਮੁਸ਼ਕਿਲ ਹੈ। ਪਰ ਜਿਨ੍ਹਾਂ ਯੋਧਿਆਂ ਨੂੰ ਇਸ ਦੀ ਲਗਨ ਲੱਗੀ ਹੋਈ ਸੀ, ਉਹ ਕਿਵੇਂ ਪਿਛਾਂਹ ਹਟ ਸਕਦੇ ਸਨ? ਅਜਿਹੀ ਲਗਨ ਵਿੱਚ ਸਮਾਜ ਦਾ ਕੰਮ ਕਰਦਿਆਂ ਬਹੁਤਿਆਂ ਯੋਧਿਆਂ ਦੇ ਜੀਵਨ ਅਤੇ ਉਨ੍ਹਾਂ ਦੇ ਬੱਚੇ ਰੁਲ ਗਏ। ਅੱਜ ਸਾਡੇ ਸਮਾਜ ਵਿੱਚ ਜੇਕਰ ਕੁਝ ਤਬਦੀਲੀ ਆਈ ਹੈ ਤਾਂ ਕੀ ਇਹ ਸਾਡੀ ਲਿਆਕਤ ਜਾਂ ਪੜ੍ਹਾਈ ਦਾ ਨਤੀਜਾ ਹੈ, ਨਹੀਂ ਇਹ ਤਬਦੀਲੀ ਉਨ੍ਹਾਂ ਮਹਾਨ ਰਹਿਬਰਾਂ ਸਮਾਜਿਕ ਯੋਧਿਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਜਿਨ੍ਹਾਂ ਨੇ ਆਪਣਾ ਆਰ ਪਰਿਵਾਰ ਵਾਰ ਕੇ ਸਮਾਜ ਨੂੰ ਇਸ ਮੁਕਾਮ ਤੇ ਲਿਆਂਦਾ ਹੈ, ਪਰ ਇਸ ਦੇ ਬਦਲੇ ਸਾਡੇ ਸਮਾਜ ਨੂੰ ਕੀ ਦਿੱਤਾ ਕੀ ? ਕੀ ਅਸੀਂ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਹੈ? ਬਿਲਕੁਲ ਨਹੀਂ। ਸਮਾਜ ਨੇ ਇਨ੍ਹਾਂ ਰਹਿਬਰਾਂ, ਸਮਾਜਿਕ ਯੋਧਿਆਂ ਨੂੰ ਲੋੜੀਂਦਾ ਮਾਣ ਸਤਿਕਾਰ ਨਹੀਂ ਦਿੱਤਾ। ਬਹੁਗਿਣਤੀ ਇਨ੍ਹਾਂ ਯੋਧਿਆਂ ਦੇ ਪਿੱਛੋਂ ਇਨ੍ਹਾਂ ਦਾ ਪਰਿਵਾਰ ਰੁਲ ਗਿਆ ਪਰ ਸਮਾਜ ਨੇ ਉਨ੍ਹਾਂ ਵੱਲ ਮੁੜ ਕੇ ਨਹੀਂ ਦੇਖਿਆ। ਇਸ ਦਾ ਮਤਲਬ ਇਹ ਹੈ ਕਿ ਸਾਡੇ ਸਮਾਜ ਦਾ ਬਹੁਤ ਵੱਡਾ ਹਿੱਸਾ ਅਕ੍ਰਿਤਘਣਾਂ ਦਾ ਹੈ। ਇਸੇ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਵੀ ਕਹਿਣਾ ਪਿਆ ਕਿ ਮੈਨੂੰ ਮੇਰੇ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿੱਤਾ ਹੈ।

ਸ਼ਿਵ ਦਿਆਲ ਸਿੰਘ ਅਨਜਾਣ ਵੀ ਅਜਿਹਾ ਅਣਗੌਲਿਆ ਕਵੀ ਸ਼ਾਇਰ ਹੈ, ਜਿਸ ਨੇ ਆਪਣੀ 73 ਸਾਲ ਦੀ ਉਮਰ ਦੇ 50 ਸਾਲ ਕੌਮ ਦੇ ਲੇਖੇ ਲਾਏ ਹਨ। ਉਨ੍ਹਾਂ ਦੇ ਕੌਮ ਨੂੰ ਦਿੱਤੇ ਕਰਜੇ ਵਿੱਚੋਂ ਇੱਕ ਕਿਣਕਾ ਮਾਤਰ ਉਨ੍ਹਾਂ ਦਾ ਮਾਣ ਸਨਮਾਨ ਦੇਣ ਲਈ ਉਨ੍ਹਾਂ ਦੀ ਲਿਖੀ ਕਵਿਤਾਵਾਂ ਦੀ ਪੁਸਤਕ "ਉਪਕਾਰ ਗੁਰੂ ਰਵਿਦਾਸ" ਦੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ



ਸੰਸਥਾ ਪੰਜਾਬ (ਰਜਿ.) ਬਿਨਪਾਲਕੇ ਜ਼ਿਲ੍ਹਾ ਜਲੰਧਰ ਵਲੋਂ ਪ੍ਰਕਾਸ਼ਤ ਕਰਕੇ ਸੰਗਤਾਂ ਨੂੰ ਅਰਪਣ ਕਰ ਰਹੀ ਹੈ। ਸੰਸਥਾ ਦੇ ਇਸ ਛੋਟੇ ਜਿਹੇ ਉਪਰਾਲੇ ਵਿਚ ਜਿਨ੍ਹਾਂ ਦਾਨੀ ਸੱਜਣਾਂ ਨੇ ਹਿੱਸਾ ਪਾਇਆ ਉਨ੍ਹਾਂ ਸਾਰਿਆਂ ਦਾ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਬਹੁਤ-ਬਹੁਤ ਧੰਨਵਾਦ ਹੈ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਵਲੋਂ ਧੋਗੜੀ ਜ਼ਿਲ੍ਹਾ ਜਲੰਧਰ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਸਹਿਯੋਗ ਦਿੱਤਾ। ਧੰਨਵਾਦ ਦੇ ਪਾਤਰ ਹਨ ਡਾ. ਬੀ.ਆਰ. ਅੰਬੇਡਕਰ ਵੈੱਲਫੇਅਰ ਸੁਸਾਇਟੀ ਅੱਡਾ ਕਿਸ਼ਨਗੜ੍ਹ ਜ਼ਿਲ੍ਹਾ ਜਲੰਧਰ ਦੇ ਸਮੂਹ ਅਹੁਦੇਦਾਰਾਂ। ਵਿਦੇਸ਼ਾਂ ਵਿੱਚ ਰਹਿ ਕੇ ਕੰਮ-ਕਾਰ ਵਿੱਚ ਵਿਅਸਤ ਹੁੰਦਿਆਂ ਵੀ ਆਪਣੇ ਸਮਾਜ ਅਤੇ ਰਹਿਬਰਾਂ ਦੇ ਮਿਸ਼ਨ ਨਾਲ ਜੁੜੇ ਹੋਏ ਹਨ ਸ੍ਰੀ ਪੀ.ਕੇ. ਚੁੰਬਰ ਦੇ ਜੋ ਦੋ ਮਿਸ਼ਨਰੀ ਅਖ਼ਬਾਰਾਂ 'ਦੇਸ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦਾ ਪ੍ਰਕਾਸ਼ਨ ਵੀ ਕਰ ਰਹੇ ਹਨ ਜੀ ਦਾ ਬਹੁਤ ਧੰਨਵਾਦ ਹੈ। ਵਿਸ਼ੇਸ਼ ਧੰਨਵਾਦ ਹੈ ਸ੍ਰੀ ਰਮੇਸ਼ ਬੰਗੜ ਪਿੰਡ ਸਿਕੰਦਰਪੁਰ ਜ਼ਿਲ੍ਹਾ ਜਲੰਧਰ ਜਿਨ੍ਹਾਂ ਨੇ ਇਸ ਕਿਤਾਬ ਰੂਪ ਨੂੰ ਨਿਖਾਰਿਆ। ਧੰਨਵਾਦ ਹੈ ਸ੍ਰੀ ਮਹਿੰਦਰ ਸੰਧੂ ਮਹੇੜੂ ਸੰਪਾਦਕ 'ਸੱਚ ਦਾ ਸੂਰਜ' ਮੈਗਜ਼ੀਨ ਅਤੇ ਸ੍ਰੀ ਇੰਦਰਜੀਤ ਸਿੰਘ ਘੁੰਗਰਾਲੀ ਸੰਪਾਦਕ 'ਸਾਡਾ ਪੰਜਾਬ' ਮੈਗਜ਼ੀਨ ਵਾਲਿਆਂ ਦਾ ਜਿਨ੍ਹਾਂ ਨੇ ਸਾਨੂੰ ਆਪਣਾ ਕੀਮਤੀ ਸਮਾਂ ਦਿੱਤਾ। ਸ੍ਰੀ ਸੰਤੋਖ ਲਾਲ ਬੱਧਣ, ਸ੍ਰੀ ਸੋਮਨਾਥ ਬੱਧਣ (ਰਿਟਾ: ਸੀ.ਆਰ.ਪੀ.ਐਫ.), ਸ੍ਰੀ ਮਹਿੰਦਰਪਾਲ ਵਿਰਦੀ, ਸ੍ਰੀ ਰਾਮ ਲੁਭਾਇਆ ਸਹਿਗਲ ਪ੍ਰੇਮ ਪਾਲ ਬੱਧਣ, ਮਦਨ ਬੰਗੜ ਸ਼ਾਇਰ/ਪੱਤਰਕਾਰ, ਦਇਆ ਰਾਮ ਬਿਰਦੀ ਸੁੱਚੀ ਪਿੰਡ (ਸਮਾਜ ਸੇਵਕ) ਸਾਰੇ ਵਾਸੀ ਸਿਕੰਦਰਪੁਰ ਜੀ ਦਾ ਧੰਨਵਾਦ ਜਿਨ੍ਹਾਂ ਨੇ ਕਿਤਾਬ ਦੇ ਪ੍ਰਕਾਸ਼ਨ ਲਈ ਸਹਿਯੋਗ ਦਿੱਤਾ। ਮੈਂ ਉਮੀਦ ਕਰਦਾ ਹਾਂ ਕਿ ਆਪ ਸਾਰੇ ਮਿਸ਼ਨਰੀ ਸਾਥੀ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਕਰਦੇ ਰਹੋਗੇ।

**ਚਰਨਜੀਤ ਸਿੰਘ ਬਿਨਪਾਲਕੇ**



## ਦੁਖੀਓਂ ਕੇ ਕਲਿਆਣ ਹਿੱਤ, ਪ੍ਰਗਟੇ ਸ੍ਰੀ ਰਵਿਦਾਸ

ਆਏ ਦੁਨੀਆ 'ਚ ਗੁਰੂ ਰਵਿਦਾਸ ਜੀ,
ਮਿਟੀ ਧੁੰਦ ਜਗ ਹੋਇਆ ਪ੍ਰਕਾਸ਼ ਜੀ,
ਧੰਨ ਗੁਰੂ ਰਵਿਦਾਸ ਜੀ, ਸਤਿਗੁਰੂ ਰਵਿਦਾਸ ਜੀ।
ਚੌਦਾਂ ਸੌ ਤੇਤੀਸ ਦੀ, ਮਾਘ ਸੁਦੀ ਪੰਦਰਾਸ॥
ਦੁਖੀਓਂ ਕੇ ਕਲਿਆਣ ਹਿੱਤ, ਪ੍ਰਗਟੇ ਸ੍ਰੀ ਰਵਿਦਾਸ॥
ਆਇਆ ਸੁੱਖਾਂ ਦਾ ਸਾਸ ਜੀ,
ਆਏ ਦੁਨੀਆ 'ਚ.....................।

ਕਾਂਸ਼ੀ ਦੇ ਵਿਚ ਸਤਿਗੁਰ ਆਇਆ,
ਗੋਵਰਧਨਪੁਰ ਵਿੱਚ ਡੇਰਾ ਲਾਇਆ,
ਧਰਤੀ ਗੂੰਜੇ ਆਕਾਸ਼ ਜੀ,
ਆਏ ਦੁਨੀਆ 'ਚ.....................।

ਮਿੱਟ ਗਈ ਧੁੰਦ ਜੱਗ ਚਾਨਣ ਹੋਇਆ,
ਗਿਆ ਹਨੇਰ ਸਵੇਰਾ ਹੋਇਆ,
ਪਾਪਾਂ ਦੀ ਮਿੱਟ ਗਈ ਰਾਤ ਜੀ,
ਆਏ ਦੁਨੀਆ 'ਚ.....................।

ਮਾਂ ਕਲਸੀ ਨੂੰ ਦੇਣ ਵਧਾਈਆਂ,
ਦੂਰੋਂ-ਦੂਰੋਂ ਸੰਗਤਾਂ ਆਈਆਂ,
ਦਰਸ਼ਨ ਦੀ ਕਰ ਆਸ ਜੀ,
ਆਏ ਦੁਨੀਆ 'ਚ.....................।

'ਧੋਗੜੀ ਵਾਲਾ ਅਨਜਾਣ' ਹੈ ਕਹਿੰਦਾ,
ਮਨ ਉਹਦੇ ਵਿਚ ਰੰਗਿਆ ਰਹਿੰਦਾ,
ਮਿਲੇ ਗੁਰੂ ਰਵਿਦਾਸ ਜੀ,
ਆਏ ਦੁਨੀਆ 'ਚ.....................।



## ਸਾਰੇ ਬੰਦੇ ਹਨ ਰੂਪ ਪ੍ਰਮਾਤਮਾ ਦਾ

ਚੰਦ ਠੰਡ ਨਾ ਦੇਵੇ 'ਕੱਲੇ ਬ੍ਰਾਹਮਣਾਂ ਨੂੰ,
ਉਹ ਤਾਂ ਸਭ ਨੂੰ ਠੰਡ ਵਰਤਾਵਦਾਂ ਹੈ।
ਰੋਸ਼ਨੀ ਦੇਵੇ ਨਾ ਸੂਰਜ ਕੱਲੇ ਬ੍ਰਾਹਮਣਾਂ ਨੂੰ,
ਉਹ ਹਰ ਪਾਸਿਓਂ ਹਨ੍ਹੇਰ ਮਿਟਾਂਵਦਾ ਹੈ।
ਧਰਤੀ ਕਹੇ ਨਾ ਚਮਾਰ ਦਾ ਭਾਰ ਲੱਗਦਾ,
ਬ੍ਰਾਹਮਣ ਐਵੇਂ ਕਿਉਂ ਪਿਆ ਕੁਰਲਾਂਵਦਾ ਏ।
ਸਾਰੇ ਬੰਦੇ ਹਨ ਰੂਪ ਪ੍ਰਮਾਤਮਾ ਦੇ,
ਬ੍ਰਾਹਮਣ ਐਵੇਂ ਕਿਉਂ ਫਰਕ ਪਿਆ ਪਾਂਵਦਾ ਏ।
ਔਣ ਜਾਣ ਦਾ ਰਸਤਾ ਇਕ ਸਭ ਦਾ,
ਇਹ ਕੀ ਕਿਸੇ ਹੋਰ ਰਸਤੇ ਆਉਂਦਾ ਜਾਂਵਦਾ ਏ।
ਦਸ ਇੰਦਰੇ ਸਭ ਦੇ ਇਕੋ ਜਿਹੇ,
ਰੱਬ ਕੋਈ ਵੀ ਫਰਕ ਨਾ ਪਾਂਵਦਾ ਏ।
ਕਹੇ 'ਅਨਜਾਣ ਧੋਗੜੀ ਵਾਲਾ', ਇਹ ਕੀ ਅਰਸ਼ੋਂ ਡਿੱਗਿਆ,
ਜੋ ਐਵੇਂ ਜੱਗ ਤੇ ਰੋਹਬ ਜਮਾਂਵਦਾ ਏ।



## ਸਤਿਗੁਰੂ ਰਵਿਦਾਸ ਸਾਂਝਾ ਸਾਰੇ ਸੰਸਾਰ ਦਾ

ਕਾਂਸ਼ੀ ਵਿਚ ਪ੍ਰਗਟ ਹੋਇਆ ਨੂਰ ਨਿਰੰਕਾਰ ਦਾ,
ਸਤਿਗੁਰ ਰਵਿਦਾਸ ਸਾਂਝਾ ਸਾਰੇ ਸੰਸਾਰ ਦਾ।
ਚੌਹਾਂ ਵਰਨਾਂ ਦੇ ਤਾਈਂ ਕਰੂ ਉਪਦੇਸ਼ ਜੀ,
ਰਲ ਮਿਲ ਕੇ ਰਹਿਣਾ ਸਭ ਨੂੰ ਦਿਓ ਸੰਦੇਸ਼ ਜੀ।
ਫੁੱਲ ਗੁਲਾਬ ਦਾ ਇਹ ਮਹਿਕਾਂ ਖਿਲਾਰਦਾ,
ਸਤਿਗੁਰ ਰਵਿਦਾਸ........................।

ਅੰਬਰਾਂ ਤੋਂ ਚੰਨ-ਤਾਰੇ ਪਏ ਫੁੱਲ ਬਰਸਾਉਂਦੇ ਨੇ,
ਪਰੀਆਂ ਗੰਧਰਵ ਰਲ ਮਿਲ ਗੀਤ ਸਭ ਗਾਉਂਦੇ ਨੇ।
ਆਇਆ ਮਸੀਹਾ ਜੱਗ 'ਤੇ ਪੱਛੜੇ ਪਰਿਵਾਰ ਦਾ,
ਸਤਿਗੁਰ ਰਵਿਦਾਸ........................।

ਪਾਪਾਂ ਦੀ ਮਿਟ ਗਈ ਧੁੰਦ ਹੋਇਆ ਉਜਿਆਲਾ ਜੀ,
ਸਤਿਗੁਰੂ ਰਵਿਦਾਸ ਦਾ ਨੂਰ ਨਿਰਾਲਾ ਜੀ।
ਅੰਤ ਨਹੀਂ ਪਾਇਆ ਉਸ ਦੇ ਕੀਤੇ ਉਪਕਾਰਾਂ ਦਾ।
ਸਤਿਗੁਰ ਰਵਿਦਾਸ........................।

ਅੱਜ ਤੋਂ 'ਅਨਜਾਣ' ਇਹਦਾ ਹੋਇਆ ਦੀਵਾਨਾ ਜੀ,
ਇਹਦੇ ਤਾਂ ਰੂਪ ਦਾ ਬਣਿਆ ਪਰਵਾਨਾ ਜੀ।
ਤਾਹੀਓਂ ਤਾਂ ਜਿੰਦ ਆਪਣੀ ਏਸ ਤੋਂ ਹੈ ਵਾਰਦਾ,
ਸਤਿਗੁਰ ਰਵਿਦਾਸ........................।



## ਕਲਮਾਂ ਦੇ ਰਾਜ ਦੁਲਾਰੇ ਨੇ

ਸਤਿਨਾਮ ਜਾਪ ਜਪਾਇਆ,
ਇਹ ਉਪਕਾਰ ਕਮਾਇਆ,
ਗੁਰੂ ਰਵਿਦਾਸ ਪਿਆਰੇ ਨੇ ,
ਮਾਂ ਕਲਸੀ ਦੇ ਰਾਜ ਦੁਲਾਰੇ ਨੇ ।
ਇਹ ਉਪਕਾਰ.....................।

ਧੰਨ ਗੁਰੂ ਰਵਿਦਾਸ ਜੀ ਆ ਕੇ,
ਕੱਲਯੁੱਗ ਦੇ ਵਿਚ ਫੇਰਾ ਪਾ ਕੇ,
ਸਤਿਨਾਮ ਮੁੱਖੋ ਸੁਣਾਇਆ,
ਇਹ ਉਪਕਾਰ.....................।

ਸਤਿਨਾਮ ਨੂੰ ਪ੍ਰਗਟ ਕਰਕੇ,
ਬ੍ਰਾਹਮਣਵਾਦ ਤੋਂ ਵੱਖਰਾ ਕਰਕੇ,
ਸੱਚ ਦਾ ਹੋਕਾ ਲਾਇਆ,
ਇਹ ਉਪਕਾਰ.....................।

ਸਤਿ ਲੈ ਲਿਆ ਸਤਿਯੁੱਗ ਦਾ,
ਨਾਮ ਲੈ ਲਿਆ ਕਲਯੁੱਗ ਦਾ,
ਦੋਹਾਂ ਨੂੰ ਮਿਲਾਇਆ,
ਇਹ ਉਪਕਾਰ.....................।

ਇਕ ਵਾਰ ਸਤਿਨਾਮ ਜੇ ਕਹੀਏ,
ਚੋਹਾਂ ਯੁਗਾਂ ਦਾ ਸਭ ਫੱਲ ਲਈਏ,
ਨਾਮ ਕੜਾਹਾ ਬਣਾਇਆ,
ਇਹ ਉਪਕਾਰ.....................।

ਜੱਗ ਪੂਜਾ ਕਰਨ ਦੀ ਲੋੜ ਨਹੀਂ,
ਕੋਈ ਰਹਿਣੀ ਘਰ ਵਿਚ ਥੋੜ ਨਹੀਂ,
ਜਦ ਸਤਿਨਾਮ ਅੰਦਰ ਵਸਾਇਆ,
ਇਹ ਉਪਕਾਰ.....................।

ਹੋਈ 'ਅਨਜਾਣ' ਦੀ ਆਸਾ ਪੂਰੀ,
ਜਿਹੜੀ ਯੁੱਗਾਂ ਤੋਂ ਰਹੀ ਅਧੂਰੀ,
ਨਿਰਮਲ ਕਰਮ ਕਮਾਇਆ,
ਇਹ ਉਪਕਾਰ.....................।





## ਸੰਗਤਾਂ ਦੀ ਧੂੜੀ

ਜੱਪ ਗੁਰੂ ਰਵਿਦਾਸ, ਗੁਰੂ ਸਭ ਦਾ ਸਾਂਝਾ।
ਜਪੋ ਸਾਰੇ ਰਲ-ਮਿਲ ਕੇ, ਕੋਈ ਰਹਿ ਨਾ ਜਾਵੇ ਵਾਂਝਾ।
ਜੱਪ ਗੁਰੂ ਰਵਿਦਾਸ.....................।

ਜੱਪ ਨਾਮ ਸਤਿਗੁਰ ਦਾ, ਸੰਗਤੇ ਸ਼ਾਂਤੀ ਮਨ ਨੂੰ ਆਵੇ।
ਸਤਿਗੁਰ ਦੇ ਚਰਨਾਂ 'ਚ, ਬਿਰਤੀ ਸੰਗਤੇ ਜਦੋਂ ਲੱਗ ਜਾਵੇ।
ਝਗੜੇ ਸਭ ਮਿਟ ਜਾਂਦੇ, ਕੋਈ ਰਹਿ ਨਾ ਜਾਂਦਾ ਵਾਂਝਾਂ।
ਜੱਪ ਗੁਰੂ ਰਵਿਦਾਸ.....................।

ਸੰਗਤ 'ਚ ਆ ਕੇ ਤੂੰ, ਸੱਚੇ ਸਤਿਗੁਰ ਦੇ ਗੁਣ ਗਾ ਲੈ।
ਸਤਿਗੁਰ ਦੇ ਚਰਨਾਂ ਦੇ ਵਿਚ, ਜੀਵਨ ਸਫਲ ਬਣਾ ਲੈ।
ਖੁਸ਼ੀ ਰਹਿਮਤਾਂ ਗੁਰੂ ਦੇ ਕੇ ਜਾਂਦਾ।
ਜੱਪ ਗੁਰੂ ਰਵਿਦਾਸ.....................।

ਦੁਆ ਸਾਰੇ ਦੁੱਖਾਂ ਦੀ, ਹੁੰਦੀ ਸਾਧ ਸੰਗਤ ਦੀ ਧੂੜੀ।
ਕਰ ਦਰਸ਼ਨ ਸੰਗਤਾਂ ਦੇ, ਹੁੰਦੀ ਸਭ ਦੀ ਆਸ਼ਾ ਪੂਰੀ।
'ਅਨਜਾਣ ਧੋਗੜੀ ਵਾਲਾ', ਤਾਂਹੀਓਂ ਵਿਚ ਸੰਗਤਾਂ ਦੇ ਜਾਂਦਾ।
ਜੱਪ ਗੁਰੂ ਰਵਿਦਾਸ.....................।

## ਮਹਿਮਾਂ ਜੱਗ ਤੇ ਅਪਰ ਅੰਪਾਰ ਤੇਰੀ

ਧੰਨ-ਧੰਨ ਸਤਿਗੁਰੂ ਰਵਿਦਾਸ ਪਾਤਸ਼ਾਹ ਜੀ,
ਕੁੱਲੀ ਰਸਤੇ ਦਾ ਹੈ ਸ਼ਿੰਗਾਰ ਤੇਰੀ।

ਤੇਰੀ ਕੁੱਲੀ ਦੇ ਤੁੱਲ ਨਾ ਉੱਚੇ ਮਹਿਲ,
ਜਿਥੇ ਵਸਦੀ ਹੈ, ਸੱਚੀ ਸਰਕਾਰ ਮੇਰੀ।

ਤੇਰੀ ਰੰਬੀ ਹੈ ਮਨਾਂ ਦੀ ਮੈਲ ਲਾਹੁੰਦੀ,
ਟੁੱਟੇ ਦਿਲਾਂ ਨੂੰ ਗੰਡਦੀ ਹੈ ਆਰ ਤੇਰੀ।

ਵਿਚ ਡੋਰ ਹੈ ਦਇਆ ਤੇ ਧਰਮ ਵਾਲੀ,
ਖਿੱਚ ਲੈਂਦੀ ਹੈ ਖੁਦੀ ਹੰਕਾਰ ਜੇਹੜੀ।

ਤੇਰੀ ਪੱਥਰੀ ਵਿੱਚ ਹੈ ਸਹਿਣ ਸ਼ਕਤੀ,
ਹੇਠ ਵੱਗੇ ਗੰਗਾ ਆਗਿਆਕਾਰ ਤੇਰੀ।

ਤੇਰੇ ਬੋਲਾਂ ਨੇ ਮਨੂੰਵਾਦ ਨੂੰ ਪੱਲਟ ਦਿੱਤਾ,
ਹਰ ਪਾਸੇ ਖਿੜੀ ਗੁਲਜ਼ਾਰ ਤੇਰੀ।

ਤੇਰੀ ਫਲੀ ਨੇ ਸੀਨੇ ਤੇ ਫੱਟ ਖਾਦਾ,
ਮਨੂੰਵਾਦ ਨੂੰ ਸੁਣੀ ਫਿਰ ਲਲਕਾਰ ਤੇਰੀ।

ਕੱਟ ਦੇਵੇ ਜੋ ਗੇੜ ਲੱਖ ਚੌਰਾਸੀਆਂ ਦੇ,
ਨਿਗਾਹ ਮੇਹਰ ਦੀ ਹੋਵੇ ਜੇ ਇਕ ਵਾਰ ਤੇਰੀ।

ਸੱਚ 'ਧੋਗੜੀ ਵਾਲਾ ਅਨਜਾਣ' ਕਹਿੰਦਾ,
ਮਹਿੰਮਾ ਜੱਗ ਤੇ ਅੰਪਰ-ਅੰਪਾਰ ਤੇਰੀ।



## ਦਰਸ਼ਨ

ਦੇਖ ਜੀਵਾਂ ਗੁਰ ਤੇਰਾ,
ਦਰਸ਼ਨ ਦੇਖ ਜੀਵਾਂ ਗੁਰ ਤੇਰਾ।
ਕਾਂਸ਼ੀ ਵਿਚ ਪ੍ਰਕਾਸ਼ ਹੋ ਗਿਆ,
ਮਿਟ ਗਿਆ ਪਾਪ ਅੰਧੇਰਾ।
ਦਰਸ਼ਨ ਦੇਖ ਜੀਵਾਂ ਗੁਰ...........।

ਪਿਤਾ ਗੁਰਾਂ ਦਾ ਸੰਤੋਖ ਦਾਸ ਜੀ,
ਕਲਸਾ ਦੇਵੀ ਜਿਸ ਦੀ ਮਾਤਾ ਜੀ,
ਖੁਸ਼ੀਆਂ ਨਾਲ ਭਰਿਆ ਵਿਹੜਾ,
ਦਰਸ਼ਨ ਦੇਖ ਜੀਵਾਂ ਗੁਰ...........।

ਹਰ ਪਾਸੇ ਖੁਸ਼ੀ ਛਾਈ,
ਇੱਕ ਦੂਜੇ ਨੂੰ ਦੇਣ ਵਧਾਈ,
ਗੁਰਾਂ ਪਾਇਆ ਕਾਸ਼ੀ ਫੇਰਾ,
ਦਰਸ਼ਨ ਦੇਖ ਜੀਵਾਂ ਗੁਰ...........।

ਮਾਂ ਕਲਸਾ ਨਾ ਦੇਖ ਕੇ ਰੱਜੇ,
ਗੋਦੀ ਦੇ ਵਿਚ ਸਤਿਗੁਰੂ ਫੱਬੇ,
ਦੇਖ ਚੰਨ ਦਾ ਚਿਹਰਾ,
ਦਰਸ਼ਨ ਦੇਖ ਜੀਵਾਂ ਗੁਰ...........।

ਸਤਿਗੁਰ ਹੈ ਜੱਗ ਦਾ ਰਖਵਾਲਾ,
ਅਨਜਾਣ ਕਹੇ ਧੋਗੜੀ ਵਾਲਾ,
ਜੋ ਦਾਸ ਗੁਰਾਂ ਦਾ ਜਿਹੜਾ,
ਦਰਸ਼ਨ ਦੇਖ ਜੀਵਾਂ ਗੁਰ...........।

# ਮੇਰੇ ਪ੍ਰੀਤਮ ਕਾਸ਼ੀ ਵਾਲੇ

ਬਾਣੀ ਦਾ ਸਤਿਕਾਰ ਕਰੋ ਜੀ, ਬਾਣੀ ਦਾ ਸਤਿਕਾਰ ਕਰੋ।
ਇਹ ਬਾਣੀ ਹੈ ਅੰਮ੍ਰਿਤ ਬਾਣੀ, ਇਸ ਦੇ ਨਾਲ ਪਿਆਰ ਕਰੋ।

ਗੁਰੂ ਰਵਿਦਾਸ ਪਿਆਰੇ ਤਾਈਂ, ਬਾਣੀ ਅੰਬਰੋਂ ਆਈ ਹੈ।
ਭੁਲੇ ਭਟਕੇ ਲੋਕਾਂ ਤਾਈਂ, ਮੰਜ਼ਲ ਜਿਸ ਦਿਖਾਈ ਹੈ।
ਪੜ੍ਹਕੇ ਹਿਰਦੇ ਵਿਚ ਵਸਾਕੇ, ਮਨ ਦੇ ਨਾਲ ਵਿਚਾਰ ਕਰੋ।
ਬਾਣੀ ਦਾ ਸਤਿਕਾਰ ਕਰੋ ਜੀ.............।

ਅੰਮ੍ਰਿਤ ਬਾਣੀ ਪੜ੍ਹਕੇ ਜਿਸ ਨੇ, ਹਿਰਦੇ ਵਿਚ ਵਸਾਈ ਹੈ।
ਗੁਰੂ ਰਵਿਦਾਸ ਜੀ ਨੇ ਉਸ ਦੇ ਅੰਦਰ, ਨਾਮ ਦੀ ਜੋਤ ਜਗਾਈ ਹੈ।
ਤੁਸੀਂ ਵੀ ਅੰਮ੍ਰਿਤ ਬਾਣੀ ਪੜ੍ਹਕੇ, ਦੂਰ ਹਨ੍ਹੇਰ ਗਵਾਰ ਕਰੋ।
ਬਾਣੀ ਦਾ ਸਤਿਕਾਰ ਕਰੋ ਜੀ.............।

ਅੰਮ੍ਰਿਤ ਬਾਣੀ ਪੜ੍ਹਕੇ ਮੀਰਾ ਨੇ, ਜ਼ਹਿਰ ਪਿਆਲਾ ਪੀਤਾ।
ਮੇਰੇ ਪ੍ਰੀਤਮ ਕਾਂਸ਼ੀ ਵਾਲੇ ਨੇ, ਜ਼ਹਿਰ ਤੋਂ ਅੰਮ੍ਰਿਤ ਕੀਤਾ।
ਅੰਮ੍ਰਿਤ ਬਾਣੀ ਗੁਰੂ ਹੈ ਸਾਡੀ, ਇਸ ਨੂੰ ਸਭ ਸਵੀਕਾਰ ਕਰੋ।
ਬਾਣੀ ਦਾ ਸਤਿਕਾਰ ਕਰੋ ਜੀ.............।

ਅੰਮ੍ਰਿਤ ਬਾਣੀ ਗਾਉਂਦੀ ਮੀਰਾਂ, ਨਾਗ ਗੱਲ ਵਿਚ ਪਾਉਂਦੀ ਹੈ।
ਅੰਮ੍ਰਿਤ ਬਾਣੀ ਦੇਖੋ ਐਸੀ, ਨਾਗੋਂ ਹਾਰ ਬਣਾਉਂਦੀ ਹੈ।
ਰਾਜੇ ਰਾਣੇ ਉਹਦੇ ਚਰਨੀ ਲੱਗੇ, ਤੁਸੀਂ ਤਾਂ ਕੁੱਝ ਖਿਆਲ ਕਰੋ।
ਬਾਣੀ ਦਾ ਸਤਿਕਾਰ ਕਰੋ ਜੀ.............।

ਅੰਮ੍ਰਿਤ ਬਾਣੀ ਦਾ ਪ੍ਰਕਾਸ਼, ਘਰ-ਘਰ ਦੇ ਵਿਚ ਕਰਨਾ ਹੈ।
ਅਮਲ ਬਾਣੀ ਤੇ ਕਰਕੇ ਸਭ ਨੇ, ਭਵ ਸਾਗਰ ਚੋਂ ਤਰਨਾ ਹੈ।
ਕਹੇ 'ਅਨਜਾਣ ਧੋਗੜੀ ਵਾਲਾ', ਸਭ ਦਿਲਾਂ ਵਿਚ ਧਾਰ ਲਵੋ।
ਬਾਣੀ ਦਾ ਸਤਿਕਾਰ ਜੀ.............।



# ਅੰਮ੍ਰਿਤਬਾਣੀ

ਧੰਨ ਹੈ ਧੰਨ ਹੈ, ਗੁਰੂ ਰਵਿਦਾਸ ਜੀ ਧੰਨ ਹੈ।
ਧੰਨ ਹੈ ਧੰਨ ਹੈ, ਤੇਰੀ ਅੰਮ੍ਰਿਤ ਬਾਣੀ ਧੰਨ ਹੈ।

ਅੰਮ੍ਰਿਤ ਬਾਣੀ ਗੁਰੂ ਹੈ ਬਾਣੀ,
ਸੱਚਿਆਂ ਗੁਰਾਂ ਨੇ ਇਹੋ ਬਖਾਣੀ,
ਰੰਗ ਇਸ ਵਿਚ ਤਨ ਤੇ ਮਨ ਹੋ,
ਤੇਰੀ ਅੰਮ੍ਰਿਤ ਬਾਣੀ............।

ਅੰਮ੍ਰਿਤ ਬਾਣੀ ਰੋਜ਼ ਜੋ ਪੜ੍ਹਦੇ,
ਜੀਵਨ ਆਪਣਾ ਸਫਲਾ ਕਰਦੇ,
ਬਣ ਜਾਂਦੇ ਹਰਿ ਜਨ ਉਹ,
ਤੇਰੀ ਅੰਮ੍ਰਿਤ ਬਾਣੀ............।

ਅੰਮ੍ਰਿਤ ਬਾਣੀ ਸਾਰੇ ਹੀ ਗਾਵੋ,
ਜਨਮ ਮਰਨ ਦਾ ਦੁੱਖ ਮਿਟਾਵੋ,
ਸੁਣੋ ਸਾਰੇ ਲਾ ਕੰਨ ਹੋ,
ਤੇਰੀ ਅੰਮ੍ਰਿਤ ਬਾਣੀ............।

ਜੇ ਸਤਿਗੁਰ ਅਨਜਾਣ ਤੂੰ ਪਾਉਣਾ,
ਮੈਂ ਮੇਰੀ ਨੂੰ ਪਉ ਮਿਟਾਉਣਾ,
ਤੇਰਾ ਸ਼ੁੱਧ ਹੋ ਜਾਣਾ ਮਨ ਹੋ,
ਤੇਰੀ ਅੰਮ੍ਰਿਤ ਬਾਣੀ............।

## ਭਾਰਤ ਵਰਸ਼ ਵਿਚ ਤੇਰਾ ਰਾਜ ਹੋਵੇ

ਦਲਿਤ ਵੀਰਾ ਜੇਕਰ ਤੁਹਾਡਾ, ਜੱਗ ਤੇ ਇਕੱਠਾ ਸਮਾਜ ਹੋਵੇ।
ਇਕ ਝੰਡੇ ਥੱਲੇ ਤੁਸੀਂ ਹੋਵੋ ਇਕੱਠੇ, ਤੁਹਾਡੀ ਸਭ ਦੀ ਇਕ ਆਵਾਜ਼ ਹੋਵੇ।
ਮਧੁਮੱਖੀ ਵਾਂਗੂੰ ਤੁਸੀਂ ਰਹੋ ਇਕੱਠੇ, ਫਿਰ ਤੁਹਾਡਾ ਆਪਣਾ ਪੂਰਾ ਕਾਜ ਹੋਵੇ।
ਫਿਰ ਲਾਠੀ ਭੀ ਤੇਰੀ ਮੱਝ ਵੀ ਤੇਰੀ, ਤੇਰਾ ਮਨੂੰਵਾਦ ਮੁਹਤਾਜ ਹੋਵੇ।
ਸੰਕਲਪ ਸੱਚ ਹੋਵੇ ਸਤਿਗੁਰਾਂ ਦਾ, ਤੇ ਬੇਗ਼ਮਪੁਰੇ ਦਾ ਰਾਜ ਹੋਵੇ।
ਤੇਰਾ ਦਿੱਲੀ ਵਿੱਚ ਝੁੱਲੇ ਝੰਡਾ, ਤੇਰੇ ਸਿਰ ਤੇ ਸੁਨਿਹਰੀ ਤਾਜ ਹੋਵੇ।
ਸੱਚ 'ਧੋਗੜੀ ਵਾਲਾ ਅਨਜਾਣ' ਆਖੇ, ਭਾਰਤ ਵਰਸ਼ ਵਿਚ ਤੇਰਾ ਰਾਜ ਹੋਵੇ।
ਬੋਲੇ ਸੋ ਨਿਰਭੈ, ਸ੍ਰੀ ਗੁਰੂ ਰਵਿਦਾਸ ਮਹਾਰਾਜ ਕੀ ਜੈ।
ਸ੍ਰੀ ਗੁਰੂ ਰਵਿਦਾਸ ਸ਼ਕਤੀ, ਅਮਰ ਹੈ।
ਜਬ ਲੱਗ ਘਟਿ ਮੇਂ ਹੈ ਸਵਾਸ,
ਜਪੋ ਗੁਰੂ ਰਵਿਦਾਸ, ਗੁਰੂ ਰਵਿਦਾਸ।

ਹਰ ਪਾਸਿਓ ਆਵੇ ਆਵਾਜ਼,
ਗੁਰੂ ਰਵਿਦਾਸ ਗੁਰੂ ਰਵਿਦਾਸ।

ਬੋਲੇ ਸੋ ਨਿਰਭੈ,
ਸਮੂਹ ਭੇਖ ਭਗਵਾਨ ਕੀ ਜੈ।

ਜੈ ਗੁਰਦੇਵ, ਧੰਨ ਗੁਰਦੇਵ
ਹਰਿ ਸੋ ਹੀਰਾਂ ਛਾਡਿ ਕੈ............
ਐਸਾ ਚਾਹੂੰ ਰਾਜ..........



## ਪਾਪ ਦੀ ਮਿੱਟ ਗਈ ਰੈਣ ਸੀ ਕਹਿੰਦੇ

ਸਤਿਗੁਰ ਰਵਿਦਾਸ ਜੀ ਪ੍ਰਗਟਿ ਹੋਏ,
ਸਾਰੇ ਬ੍ਰਹਿਮੰਡ 'ਚ ਹੋਇਆ ਚਾਨਣ ਕਹਿੰਦੇ।
ਸੂਰਜ ਚੜ੍ਹਿਆ ਹੈ ਗਿਆਨ ਦਾ,
ਪਾਪਾਂ ਦੀ ਮਿਟ ਗਈ ਹੈ ਰੈਣ ਕਹਿੰਦੇ।
ਚਿਹਰੇ ਉੱਤੇ ਪ੍ਰਕਾਸ਼ ਸੀ ਬਹੁਤ ਉਸਦੇ,
ਨੂਰ ਦੀਆਂ ਝਲਕਾਂ ਪੈਣ ਸੀ ਕਹਿੰਦੇ।
ਅੰਬਰਾਂ 'ਤੇ ਖ਼ੁਸ਼ੀਆਂ ਹੋ ਗਈਆਂ,
ਤੇ ਪਰੀਆਂ ਫੁੱਲ਼ ਬਰਸਾਉਣ ਨੂੰ ਕਹਿੰਦੇ।
ਸੰਤੋਖ ਦਾਸ ਪਿਤਾ ਦੇ ਘਰ ਰੱਬ ਆ ਗਿਆ,
ਅੱਜ ਸਭ ਜੱਗ ਲੱਗ ਪਿਆ ਕਹਿਣ ਸੀ ਕਹਿੰਦੇ।
ਧਰਮ ਦੇ ਠੇਕੇਦਾਰਾਂ ਨੂੰ ਸੀ,
ਅੱਜ ਲੱਗੀਆਂ ਗਸੀਆਂ ਪੈਣ ਸੀ ਕਹਿੰਦੇ।
ਜਿੱਤ ਹੋ ਗਈ ਅੱਜ ਤੋਂ ਧਰਮ ਦੀ,
ਤੇ ਪਾਪ ਲਗ ਪਿਆ ਢਹਿਣ ਸੀ ਕਹਿੰਦੇ।
ਕਹੇ 'ਅਨਜਾਣ ਧੋਗੜੀ ਵਾਲਾ',
ਉਹਦੇ ਦਰਸ਼ਨ ਨੂੰ ਤਰਸਣ ਸਭ ਦੇ ਨੈਣ ਸੀ ਕਹਿੰਦੇ।

# ਸਤਿਨਾਮ ਸਤਿਨਾਮ ਗਾਇ ਤੂੰ ਬੰਦਿਆ

ਇਕ ਵਾਰੀ ਸੰਗਤ ਵਿੱਚ ਆ ਤੂੰ ਬੰਦਿਆ।
ਇਕ ਵਾਰੀ ਸੰਗਤ ਵਿੱਚ ਆ।

ਸਤਿਸੰਗਤ ਦੇ ਵਿਚ ਆ ਕੇ, ਸੁਰਤੀ ਨਾਲ ਗੁਰਾਂ ਦੇ ਲਾ ਕੇ।
ਸਤਿਨਾਮ ਸਤਿਨਾਮ ਗਾਏਂ ਤੂੰ ਬੰਦਿਆ, ਇਕ ਵਾਰੀ....................।

ਸਤਿਸੰਗਤ ਵਿਚ ਆ ਕੇ ਬੰਦਿਆ, ਕਰ ਲੈ ਨੇਕ ਕਮਾਈ।
ਲੱਖ ਚੌਰਾਸੀ ਜੂਨਾਂ ਵਿਚੋਂ, ਉੱਤਮ ਜੂਨ ਤੈਂ ਪਾਈ।
ਏਥੇ ਕੋਈ ਨਾ ਤੇਰਾ ਸੁਹੇਲਾ, ਹੁਣ ਤੂੰ ਸਾਂਭ ਗਾਫ਼ਲਾ ਵੇਲਾ।
ਫੇਰ ਨਾ ਰਹੀਂ ਪਛਤਾ, ਤੂੰ ਬੰਦਿਆ ਇਕ ਵਾਰੀ....................।

ਅਜਾਮਲ ਪਿੰਗਲਾ ਲੁਭਤ ਕੁੰਚਰ, ਸੰਗਤ ਕਰਕੇ ਤਰ ਗਏ।
ਸੰਤਾਂ ਦੀ ਉਹ ਸੰਗਤ ਕਰਕੇ, ਜੀਵਨ ਸਫ਼ਲ ਉਹ ਕਰ ਗਏ।
ਤੂੰ ਵੀ ਮੰਨ ਲੈ ਸਾਡੀ ਗੱਲ, ਚੱਲ ਸਾਧ ਸੰਗਤ ਵਿਚ ਰਲ ਕੇ।
ਉਥੇ ਸੁਣ ਲੈ ਹਰਿ ਦੀ ਕਥਾ, ਤੂੰ ਬੰਦਿਆ ਕਿ ਵਾਰੀ..............।

ਸਾਧ ਸੰਗਤ ਹੈ ਐਸਾ ਸਾਗਰ, ਜੋ ਵੀ ਇਸ ਵਿਚ ਨਹਾਉਂਦਾ।
ਹਰਿ ਕਾ ਨਾਮ ਹੈ ਅੰਮ੍ਰਿਤ ਨਿਰਮਲ, ਕਾਗੋਂ ਹੰਸ ਬਣਾਉਂਦਾ।
ਤੂੰ ਵੀ ਸਾਧ ਸੰਗਤ ਵਿਚ ਆ ਕੇ, ਇਸ ਸਾਗਰ ਦੇ ਵਿਚ ਨਹਾ ਕੇ।
ਕਾਗੋਂ ਹੰਸ ਬਣ ਜਾ, ਤੂੰ ਬੰਦਿਆ ਇਕ ਵਾਰੀ....................।

ਕਹੇ ਅਨਜਾਣ ਧੋਗੜੀ ਵਾਲਾ, ਮੰਨ ਲੈ ਅੱਜ ਤੂੰ ਮੇਰਾ ਕਹਿਣਾ।
ਮਨ ਦੀ ਮੈਲ ਸੰਗਤ ਵਿਚ ਲਹਿੰਦੀ, ਇਹ ਸੰਤਾਂ ਦਾ ਕਹਿਣਾ।
ਐਵੇਂ ਵੇਲਾ ਨਾ ਹੱਥੋਂ ਗਵਾ, ਸੁਣ ਸਾਧ ਸੰਗਤ ਵਿਚ ਆ।
ਰਹੇ ਸੰਤ ਕ੍ਰਿਸ਼ਨ ਨਾਥ ਸਮਝਾ, ਤੂੰ ਬੰਦਿਆ ਇਕ ਵਾਰੀ................।



# ਲੱਗਦੇ ਜੈਕਾਰੇ

ਸੋਚੋ ਭੈਣੋ, ਭਰਾਵੋ, ਜ਼ਰਾ ਗੌਰ ਨਾਲ ਸੁਣ ਲਵੋ,
644 ਸਾਲ ਪਹਿਲਾਂ, ਜੇ ਗੁਰੂ ਰਵਿਦਾਸ ਪਿਆਰੇ ਨਾ ਹੁੰਦੇ।
ਤੁਸੀਂ ਛੱਪਰਾਂ ਵਿੱਚ ਰਹਿ ਕੇ, ਰਾਤਾਂ ਕੱਟਣੀਆਂ ਸੀ,
ਤੁਹਾਡੇ ਰਹਿਣ ਨੂੰ ਕੋਠੀਆਂ, ਮਹਿਲ ਮੁਨਾਰੇ ਨਾ ਹੁੰਦੇ।
ਤੁਹਾਡੇ ਸਿਰਾਂ ’ਤੇ ਟੋਕਰੇ, ਤੇ ਕੰਨਾਂ ਵਿੱਚ ਸਿੱਕੇ ਪੈਣੇ ਸੀ,
ਤੁਹਾਡੇ ਸਿਰਾਂ ’ਤੇ ਚੁੰਨੀਆਂ, ਪੱਗਾਂ ਤੇ ਕੰਨਾਂ ਵਿੱਚ ਸੋਨੇ ਦੇ ਵਾਲੇ ਨਾ ਹੁੰਦੇ।
ਤੁਸੀਂ ਜ਼ਮੀਨ ’ਤੇ ਥੁੱਕ ਨਹੀਂ ਸੀ ਸਕਦੇ, ਤੁਹਾਡੇ ਗਲ਼ ਵਿੱਚ ਕੁੱਜੇ ਹੋਣੇ ਸੀ,
ਤੁਹਾਡੇ ਗਲ਼ਾਂ ਵਿੱਚ ਅੱਜ ਸੋਨੇ ਦੀਆਂ ਚੈਨਾਂ ਦੇ ਪੈਂਦੇ ਚਮਕਾਰੇ ਨਾ ਹੁੰਦੇ।
ਤੁਸੀਂ ਪਿਆਜੀ ਅਤੇ ਬਾਜਰੇ ਦੀਆਂ ਖਿੱਲਾਂ ਚੱਬਣੀਆਂ ਸੀ,
ਅੱਜ ਤੁਸੀਂ ਚੱਬਦੇ ਬਦਾਮ ਅਤੇ ਛਕਦੇ ਛੁਹਾਰੇ ਨਾ ਹੁੰਦੇ।
ਤੁਹਾਨੂੰ ਪੀਣ ਨੂੰ ਪਾਣੀ, ਟੋਂਬਿਆਂ ਜਾਂ ਛੱਪੜਾਂ ’ਚੋਂ ਮਿਲਣਾ ਸੀ,
ਅੱਜ ਘਰਾਂ ਵਿੱਚ ਪਾਣੀ ਦੀਆਂ ਟੂਟੀਆਂ, ਤੇ ਚਲਦੇ ਫੁਹਾਰੇ ਨਾ ਹੁੰਦੇ।
ਤੁਹਾਡੇ ਸਰੀਰ ਢਕਣ ਨੂੰ, ਮੈਲੇ-ਕੁਚੈਲੇ ਕੱਪੜੇ ਹੋਣੇ ਸੀ,
ਅੱਜ ਸੂਟ-ਬੂਟ ਪਹਿਨੇ, ਸਿਰ ’ਤੇ ਚੁੰਨੀਆਂ ਤੇ ਕਲਿੱਪ ਨਾ ਹੁੰਦੇ।
ਜੇ ਗੁਰੂ ਰਵਿਦਾਸ ਜੀ ਨਾ ਹੁੰਦੇ, ਤੁਹਾਨੂੰ ਸੁਪਨਿਆਂ ਵਿੱਚ ਵੀ,
ਕਦੇ ਸੂਰਤ ਵਿੱਚ ਵੀ, ਇਹੋ ਜਿਹੇ ਡਿੱਠੇ ਨਜ਼ਾਰੇ ਨਾ ਹੁੰਦੇ।
ਆਦਿ ਧਰਮੀਓ, ਕਿਸੇ ਦੀਆਂ ਰਜ਼ਤਾਂ ਵਿੱਚ ਵਸਣਾ ਸੀ,
ਅੱਜ ਤੁਹਾਡੀ ਜ਼ਮੀਨ ਵਿੱਚ, ਆਪਣੇ ਕੋਈ ਬਣੇ ਗੁਰਦੁਆਰੇ ਨਾ ਹੁੰਦੇ।
ਕਹਿੰਦਾ ‘ਅਨਜਾਣ ਧੋਗੜੀ ਵਾਲਾ’, ਤੁਸੀਂ ਏਦਾਂ ਸੰਗਤ ਵਿੱਚ ਨਾ ਬਹਿੰਦੇ,
ਤਾਂ ਸਤਿਗੁਰੂ ਰਵਿਦਾਸ ਜੀ ਦੇ, ਅੱਜ ਲੱਗਦੇ ਜੈਕਾਰੇ ਨਾ ਹੁੰਦੇ।

# ਗਰੀਬਾਂ ਮਜ਼ਲੂਮਾਂ ਦੀ ਪੁਕਾਰ

ਜਦੋਂ ਜ਼ਬਰ ਤੇ ਜ਼ੁਲਮ ਦੀ ਅੱਤ ਹੋ ਜਾਏ,
ਫਿਰ ਗੁਰੂਆਂ ਨੂੰ ਧਰਤੀ 'ਤੇ ਆਉਣਾ ਪੈਂਦਾ।
ਦੁਖੀਆਂ ਗਰੀਬਾਂ ਦੇ ਦਰਦਾਂ ਨੂੰ,
ਆਪ ਆ ਕੇ ਦਰਦ ਵੰਡਾਉਣਾ ਪੈਂਦਾ।
ਭੁੱਖਿਆਂ ਕੁਤਿਆਂ ਦੇ ਮੂੰਹਾਂ ਵਿੱਚੋਂ,
ਸੰਗਤੇ ਗਊਆਂ ਨੂੰ ਬਚਾਉਣਾ ਪੈਂਦਾ।
ਪਿਆਰਿਆਂ ਦੀ ਇੱਜ਼ਤ ਰੱਖਣ ਨੂੰ,
ਮਰੀਆਂ ਗਊਆਂ ਨੂੰ ਜਿਉਣਾ ਪੈਂਦਾ।
ਮਨੂੰਵਾਦ ਜਦੋਂ ਅੱਤ ਚੁੱਕ ਲਏ,
ਤਾਂ ਗੁਰੂ ਰਵਿਦਾਸ ਨੂੰ ਕਾਂਸ਼ੀ ਵਿੱਚ ਆਉਣਾ ਪੈਂਦਾ।
ਤਾਹੀਓਂ ਤਾਂ 'ਅਨਜਾਣ ਧੋਗੜੀ ਵਾਲੇ' ਨੂੰ,
ਸਟੇਜ਼ਾਂ 'ਤੇ ਗਾਉਣਾ ਪੈਂਦਾ।





# ਜਿਸ ਕੌਮ ਦਾ ਕੋਈ ਅਧਾਰ ਹੈ ਨ੍ਹੀਂ

ਦਿਲ ਦਾ ਆਂਗਣ ਸਾਫ਼ ਤੂੰ ਕਰ ਲੈ,
ਸਤਿਗੁਰ ਨੂੰ ਦਿਲ 'ਚ ਬਸਾਉਣੇ ਨੂੰ।
ਝੂਠ ਦਾ ਬਿਸਤਰ ਗੋਲ ਤੂੰ ਕਰ ਲੈ,
ਪ੍ਰਭੂ ਦੇ ਦਰਸ਼ਨ ਪੌਣੇ ਨੂੰ।
ਜਿੱਥੇ ਸੱਚ ਹੈ, ਉੱਥੇ ਰੱਬ ਹੈ,
ਅੰਮ੍ਰਿਤ ਬਾਣੀ 'ਚ ਲਿਖਿਆ ਸਮਝੌਣੇ ਨੂੰ।
ਮਨ ਕਰ ਮੱਕਾ, ਸ੍ਰੀ ਹਰਿਮੰਦਰ ਕਰ ਲੈ,
'ਅਨਜਾਣਾ' ਕਰ ਲੈ ਹੀਲਾ ਇਸ ਵਿਚ ਨਹਾਉਣੇ ਨੂੰ।

ਉਹ ਬੰਦਾ ਨਹੀਂ ਜੱਗ ਜਿੱਤ ਸਕਦਾ,
ਜਿਸ ਦੀ ਬੋਲੀ ਦੇ ਵਿਚ ਪਿਆਰ ਹੈ ਨ੍ਹੀਂ।
ਉਹ ਵੀ ਰੂਹਾਂ ਚੋਂ ਰੂਹ ਏ ਕਿਸ ਕੰਮ ਦੀ,
ਜਿਸ ਰੂਹ ਦਾ ਕੋਈ ਦਿਲਦਾਰ ਹੈ ਨਈ।
ਉਹ ਬਾਗਾਂ ਦੇ ਵਿੱਚ ਏ ਬਾਗ ਕਾਹਦਾ,
ਜਿਸ ਬਾਗ ਵਿਚ ਖਿੜੀ ਗੁਲਜ਼ਾਰ ਹੈ ਨ੍ਹੀਂ।
ਕਹੇ 'ਅਨਜਾਣ ਧੋਗੜੀ ਵਾਲਾ' ਉਹ ਕੌਮ ਕਾਹਦੀ,
ਜਿਸ ਕੌਮ ਦਾ ਕੋਈ ਅਧਾਰ ਹੈ ਨ੍ਹੀਂ।

ਲਿਤਾੜੀ ਕੌਮ ਉੱਤੇ, ਸਤਿਗੁਰ ਰਵਿਦਾਸ ਜੀ,
ਇਕ ਵੱਡਾ ਅਹਿਸਾਨ ਜਿਤਾ ਗਏ ਨੇ।
ਤੈਨੂੰ ਵੇਦ ਪੁਰਾਨ ਪੜ੍ਹਨ ਦਾ ਹੱਕ ਨਹੀਂ ਸੀ,
ਤੇਰੇ ਪੜ੍ਹਨ ਨੂੰ ਅੰਮ੍ਰਿਤ ਬਾਣੀ ਰਚਾ ਗਏ ਨੇ।
ਤੂੰ ਸਕੂਲਾਂ ਵਿਚ ਵਿਦਿਆ ਨਹੀਂ ਸੀ ਪੜ੍ਹ ਸਕਦਾ,
ਤੇਰੇ ਪੜ੍ਹਨ ਲਈ ਪੈਂਤੀ ਅੱਖਰੀ ਸਤਿਗੁਰ ਬਣਾ ਗਏ ਨੇ।
ਕਹੇ 'ਅਨਜਾਣ ਧੋਗੜੀ ਵਾਲਾ', ਤੇਰਾ ਜੱਗ ਤੇ,
ਇਕ ਵੱਖਰਾ ਅਧਾਰ ਬਣਾ ਗਏ ਨੇ।

## ਕੌਮ ਦੀ ਜਾਗ੍ਰਤੀ ਲਈ ਪ੍ਰਚਾਰ ਦੀ ਲੋੜ

ਉਸ ਕੌਮ ਦਾ ਹਨੇਰ ਨਹੀਂ ਦੂਰ ਹੋਣਾ,
ਜਿਸ ਕੌਮ ਦੇ ਵਿਚ ਪ੍ਰਚਾਰ ਹੈ ਨਹੀਂ।
ਉਸ ਕੌਮ ਵਿਚ ਜਾਗ੍ਰਤੀ ਨਹੀਂ ਆਉਣੀ,
ਜਿਸ ਦਾ ਮੀਡੀਆ ਤੇ ਅਖਬਾਰ ਹੈ ਨਹੀਂ।
ਉਹ ਫੌਜ ਜੰਗ ਨਹੀਂ ਜਿੱਤ ਸਕਦੀ,
ਜਿਸ ਦਾ ਕੋਈ ਸਿੱਪਾ ਸਿਲਾਰ ਹੈ ਨਹੀਂ।
ਉਹ ਸੂਰਮਾ ਜੰਗ ਵਿੱਚੋਂ ਦੌੜ ਜਾਂਦਾ,
ਜਿਸਦੇ ਹੱਥ ਵਿਚ ਢਾਲ ਤਲਵਾਰ ਹੈ ਨਹੀਂ।
ਉਹ ਵਿਦਵਾਨ ਵੀ ਸਭਾ 'ਚੋਂ ਦੌੜ ਜਾਂਦਾ,
ਜਿਸ ਦੇ ਕੋਲ ਗਿਆਨ ਦਾ ਭੰਡਾਰ ਹੈ ਨਹੀਂ।
ਕਹੇ 'ਅਨਜਾਣ ਧੋਗੜੀ ਵਾਲਾ' ਉਹ ਕੌਮ ਮੁਰਦਾ,
ਜਿਸ ਵਿਚ ਅਣਖ ਅਤੇ ਵਿਚਾਰ ਹੈ ਨਹੀਂ।
ਹਰ ਜਗ੍ਹਾ ਗੁਰੂ ਅਸਥਾਨ,
ਸ਼੍ਰੀ ਗੁਰੂ ਰਵਿਦਾਸ ਅਸਥਾਨ ਹੋਣਾ ਚਾਹੀਦਾ।
ਸਤਿਗੁਰ ਰਵਿਦਾਸ ਜੀ ਦੇ ਜੈ ਕਾਰਿਆਂ ਨਾਲ ਗੂੰਜਦਾ,
ਧਰਤੀ ਅਤੇ ਅਕਾਸ਼ ਹੋਣਾ ਚਾਹੀਦਾ।
ਤੁਹਾਨੂੰ ਸਤਿਗੁਰ ਰਵਿਦਾਸ ਜੀ ਦੇ ਨਾਮ ਵਿੱਚ,
ਸੰਗਤ ਜੀ ਹਰ ਦਮ ਮਗਨ ਹੋਣਾ ਚਾਹੀਦਾ।
ਕਹੇ 'ਅਨਜਾਣ ਧੋਗੜੀ ਵਾਲਾ' ਗੁਰੂ ਰਵਿਦਾਸ ਜੀ ਦਾ,
ਹਰ ਘਰ ਦੇ ਵਿਚ ਜਾਗ੍ਰਤੀ ਜਸ਼ਨ ਹੋਣਾ ਚਾਹੀਦਾ।



## ਤੁਸੀਂ ਜਗ ਵਿੱਚ ਕਦੇ ਧੰਨਵੰਤ ਨਾ ਹੁੰਦੇ

ਜੇ ਗੁਰੂ ਰਵਿਦਾਸ ਜੀ, ਜੱਗ 'ਤੇ ਨਾ ਆਉਂਦੇ,
ਤੁਸੀਂ ਵਗਾਰੀ ਹੋਣਾ ਸੀ, ਤੁਸੀਂ ਕਦੇ ਪਤਵੰਤ ਨਾ ਹੁੰਦੇ।
ਤੁਸੀਂ ਮੜੀ ਮਸਾਣੀ ਪੂਜਣੀ ਸੀ, ਜੱਗ ਉੱਤੇ,
ਤੁਹਾਡੇ ਪੂਜਣ ਨੂੰ ਕੋਈ, ਪ੍ਰਭੂ ਭਗਵੰਤ ਨਾ ਹੁੰਦੇ।

ਤੁਸੀਂ ਗਰੀਬੀ ਵਿੱਚ, ਸਦਾ ਡੁੱਬਿਆਂ ਰਹਿਣਾ ਸੀ।
ਤੁਸੀਂ ਜੱਗ ਵਿੱਚ, ਕਦੇ ਧਨਵੰਤ ਨਾ ਹੁੰਦੇ ।
ਤੁਸੀਂ ਕਾਂਵਾਂ ਵਾਂਗ, ਢੇਰਾਂ ਵਿੱਚ ਫਿਰਨਾ ਸੀ,
ਤੁਸੀਂ ਗੁਰੂ ਗ੍ਰੰਥ ਜੀ ਸਾਗਰ 'ਚੋਂ, ਕਦੇ ਚੁਗਦੇ ਮੋਤੀ ਹੰਸ ਨਾ ਹੁੰਦੇ।

ਤੁਸੀਂ ਜਾਨੀ-ਚੋਰ ਅਤੇ ਦਰੂਦ ਬਾਦਸ਼ਾਹ ਪੜ੍ਹਨੇ ਸੀ,
ਤੁਹਾਡੇ ਪੜ੍ਹਨੇ ਨੂੰ, ਸਾਹਿਬ ਸ਼੍ਰੀ ਗੁਰੂ ਗ੍ਰੰਥ ਨਾ ਹੁੰਦੇ।
ਤੁਹਾਡੇ ਐਮ.ਪੀ., ਐਮ.ਐਲ.ਏ., ਰਹੇ ਇੱਕ ਪਾਸੇ,
ਤੁਹਾਡੇ ਪਿੰਡ ਵਿੱਚ ਕੋਈ, ਪੰਚ ਸਰਪੰਚ ਨਾ ਹੁੰਦੇ।

ਤੁਹਾਡੇ ਦੀਵਾਨ ਸਜਾਉਣੇ, ਸੰਤ ਸਮਾਗਮ ਕਰਨੇ ਰਹੇ ਇਕ ਪਾਸੇ।
ਤੁਹਾਡੇ ਇਸ ਤਰ੍ਹਾਂ ਲੱਗੇ, ਕੋਈ ਮੰਚ ਨਾ ਹੁੰਦੇ।
ਕਹੇ 'ਅਨਜਾਣ ਧੋਗੜੀ ਵਾਲਾ', ਜ਼ਰਾ ਗੌਰ ਨਾਲ ਸੁਣ ਲਓ।
ਤੁਹਾਡੇ ਜੱਗ 'ਤੇ ਡੇਰੇ ਨਾ ਹੁੰਦੇ, ਤੇ ਗੱਦੀਆਂ 'ਤੇ ਬੈਠੇ ਸੰਤ ਨਾ ਹੁੰਦੇ।

# ਗੁਰੂ ਰਵਿਦਾਸ ਜੀ ਮਿਸ਼ਨ ਦਾ ਪ੍ਰਚਾਰ ਹੋ ਰਿਹਾ

ਗੁਰੂ ਰਵਿਦਾਸ ਦੇ ਮਿਸ਼ਨ ਦਾ ਪ੍ਰਚਾਰ ਹੋ ਰਿਹਾ,
ਸੰਗਤ ਜੀ ਜਿਹੜਾ ਦੋ ਜਹਾਨਾਂ ਦਾ ਬਾਲੀ ਆ ।
ਮਾਘ ਦੀ ਪੁੰਨਿਆ ਨੂੰ ਜਿਸ ਜੱਗ 'ਚ ਆ ਕੇ,
ਅਛੂਤ ਕੌਮ ਦੀ ਜਿਨ ਡੋਰ ਸੰਭਾਲੀ ਆ।
ਮੂਲਵਾਸੀਆਂ ਨੂੰ ਸੀ ਇਥੇ ਪੈਂਦੇ ਧੱਕੇ,
ਗੁਰੂ ਰਵਿਦਾਸ ਨੇ ਦਲਿਤਾਂ ਦੀ ਕੀਤੀ ਰਖਵਾਲੀ ਆ।
ਸਭੇ ਕਾਰਜ ਉਹਦੇ ਹੋਣਗੇ ਪੂਰੇ,
ਜਿਨ ਪੂਰੇ ਗੁਰਾਂ ਦੀ ਓਟ ਟਕਾ ਲਈ ਆ।
ਅਛੂਤਾ ਤੇਰੇ ਤੋਂ ਮਨੂੰਵਾਦ ਨੇ ਨਾ ਜੰਗ ਲੜੀ ਸੀ,
ਤੇਰੇ ਨਾਲ ਦੁਸ਼ਮਣੀ ਬ੍ਰਾਹਮਣਵਾਦ ਨੇ ਪਾ ਲਈ ਆ।
ਕਹੇ 'ਅਨਜਾਣ ਧੋਗੜੀ ਵਾਲਾ', ਉਸ ਦਾ ਪ੍ਰਚਾਰ ਹੁੰਦਾ,
ਸੰਗਤਾਂ ਬਾਹਰ ਘੁੰਮਣ ਤਾਂ ਪੰਡਾਲ ਖਾਲੀ ਆ।





# ਮਨੂੰਵਾਦ ਦਾ ਤਖ਼ਤ ਪਲਟ ਹੁੰਦਾ

ਜਦੋਂ ਨੇਕ ਇਨਸਾਨਾਂ ਦੀ ਦੁਨੀਆ ਵਿੱਚ,
ਸ਼ੈਤਾਨ ਪਿਆ ਪਾਉਂਦਾ ਖੱਪ ਹੁੰਦਾ।
ਅਮੀਰ ਦੌਲਤ ਸ਼ੋਹਰਤ ਦੇ ਨਸ਼ੇ ਅੰਦਰ,
ਜਦੋਂ ਮਜ਼ਲੂਮਾਂ ਦੀ ਲੁੱਟਦਾ ਪੱਤ ਹੁੰਦਾ।

ਤਕੜਾ ਮਾੜੇ ਦਾ ਜ਼ਬਰਦਸਤੀ,
ਜਦੋਂ ਜਗ 'ਤੇ ਖੋਂਹਦਾ ਹੱਕ ਹੁੰਦਾ।
ਕੱਲਯੁੱਗ ਦੇ ਜਦੋਂ ਹਨੇਰ ਅੰਦਰ,
ਬੁੱਧੀਜੀਵੀ ਜਦੋਂ ਮਨਮਤ ਹੁੰਦਾ।

ਜਦੋਂ ਜ਼ਾਲਮ ਦਿਨ ਦਿਹਾੜੇ ਮਜ਼ਲੂਮਾਂ ਦੀ,
ਨਿੰਬੂ ਵਾਂਗ ਨਿਚੋੜਦਾ ਰੱਤ ਹੁੰਦਾ।
ਉਦੋਂ ਕਾਂਸ਼ੀ ਵਿਚ ਗੁਰੂ ਰਵਿਦਾਸ ਆਉਂਦੇ,
ਜਦੋਂ ਜਬਰ ਤੇ ਜ਼ੁਲਮ ਦਾ ਅਤ ਹੁੰਦਾ।

ਟੁੱਟ ਜਾਂਦਾ ਫਿਰ ਮਾਣ ਹੰਕਾਰੀਆਂ ਦਾ,
ਜਿਵੇਂ ਡਿਗ ਕੇ ਟੁੱਟਦਾ ਕੱਚ ਹੁੰਦਾ।
ਸੱਚ ਧੋਗੜੀ ਵਾਲਾ ਅਨਜਾਣ ਕਹਿੰਦਾ,
ਉਦੋਂ ਝੂਠ ਦਾ ਤਖ਼ਤ ਪਲਟ ਹੁੰਦਾ ।

## ਸਤਿਗੁਰ ਰਵਿਦਾਸ ਜੀ

ਆਦਿ-ਧਰਮੀ ਵੀਰਾ ਤੈਨੂੰ ਕਿਸੇ ਪੁੱਛਣਾ ਨਹੀਂ ਸੀ,
ਜੇ ਸਤਿਗੁਰ ਰਵਿਦਾਸ ਜੀ ਦਾ ਅਵਤਾਰ ਨਾ ਹੁੰਦਾ।

ਉਨ੍ਹਾਂ ਕਹਿਣਆ ਸੀ ਗੁਰੂ ਗ੍ਰੰਥ ਸਾਹਿਬ ਸਾਡਾ ਹੀ ਹੱਕ ਹੈ,
ਜੇ ਵਿੱਚ ਚਾਲੀ ਸ਼ਬਦ ਅਤੇ ਇਕ ਸਲੋਕ ਦਾ ਉਚਾਰ ਨਾ ਹੁੰਦਾ।

ਨਾਗਰ ਮੱਲ ਨੂੰ ਯਕੀਨ ਕਿੱਦਾਂ ਹੋਣਾ ਸੀ,
ਜੇ ਪਾਣੀ ਵਿਚ ਪੱਥਰ ਤਾਰ ਨਾ ਹੁੰਦਾ ।

ਰਾਜੇ ਚੰਦਰ ਪ੍ਰਤਾਪ ਦਾ ਹੰਕਾਰ ਨਹੀਂ ਸੀ ਟੁੱਟਣਾ,
ਜੇ ਪੱਥਰੀ ਥੱਲੇ ਕੰਗਣ ਦਾ ਚਮਕਾਰ ਨਾ ਹੁੰਦਾ ।

ਬ੍ਰਾਹਮਣਾਂ ਨੇ ਕਹਿਣਾ ਸੀ ਗੁਰੂ ਰਵਿਦਾਸ ਸਾਡਾ,
ਜੇਕਰ ਸ਼ਬਦਾਂ ਦੇ ਆਖਰ ਵਿਚ ਲਿਖਿਆ ਚਮਾਰ ਨਾ ਹੁੰਦਾ।
ਕਹੇ 'ਅਨਜਾਣ ਧੋਗੜੀ ਵਾਲਾ',
ਤੁਹਾਡਾ ਕੋਈ ਇਤਿਹਾਸ ਨਾ ਹੁੰਦਾ,
ਜੇਕਰ ਬ੍ਰਾਹਮਣਾਂ ਦੇ ਨਾਲ ਤਕਰਾਰ ਨਾ ਹੁੰਦਾ ।



## ਬਾਬਾ ਫੂਲਨਾਥ ਜੀ ਦਾ ਡੇਰਾ ਮਹਾਨ ਜੀ

ਬਾਬਾ ਫੂਲਨਾਥ ਜੀ ਦੇ, ਲੱਗੀਆਂ ਗੁਲਜ਼ਾਰਾਂ ਜੀ।
ਮੈਂ ਸਿਫ਼ਤ ਕੀ ਕਰ ਸਕਦਾਂ, ਸੱਚੇ ਦਰਬਾਰਾਂ ਦੀ।
ਆਸ ਕਰਕੇ ਆਉਂਦੇ ਜੋ, ਆਸ ਪੂਰੀ ਕਰ ਦਿੰਦੇ।
ਸਦਾ ਸੁਖੀ ਰਹਿਣ ਦਾ, ਇਹ ਸਭ ਨੂੰ ਵਰ ਦਿੰਦੇ ਨੇ।
ਇਹਨੂੰ ਸਜਦਾ ਕਰਨੇ ਨੂੰ, ਖੜ੍ਹੇ ਬੰਨ ਕੇ ਕਤਾਰਾਂ ਜੀ।
ਮੈਂ ਸਿਫ਼ਤ ਕੀ...........................।

ਏਥੇ ਮੱਥਾ ਟੇਕਣ ਦੇ ਨਾਲ, ਤਕਦੀਰ ਬਦਲ ਜਾਂਦੀ ਹੈ।
ਟੁੱਟੇ ਹੋਏ ਲੇਖਾਂ ਦੀ, ਇਥੇ ਲਕੀਰ ਬਦਲ ਜਾਂਦੀ ਹੈ।
ਸੁੱਕੇ ਹੋਏ ਫੁੱਲਾਂ 'ਤੇ, ਔਣ ਬਹਾਰਾਂ ਜੀ।
ਮੈਂ ਸਿਫ਼ਤ ਕੀ...........................।

ਦਿਲ ਦੀਆਂ ਜਾਣ ਲੈਂਦੇ, ਲੋੜ ਪ੍ਰਸ਼ਨਾਂ ਨਾ ਉਤਰਾਂ ਦੀ।
ਦਰ ਤੇਰਾ ਐਸਾ ਹੈ, ਦਾਤ ਮਿਲਦੀ ਧੀਆਂ ਪੁੱਤਰਾਂ ਦੀ।
ਖਾਲੀ ਝੋਲੀ ਭਰ ਦਿੰਦੇ, ਸਿਫ਼ਤ ਇਹ ਦਰਬਾਰਾਂ ਦੀ।
ਮੈਂ ਸਿਫ਼ਤ ਕੀ...........................।

ਸੰਤ ਬ੍ਰਹਮ ਨਾਥ ਜੀ ਮਹਾਨ ਹੈ।
ਦਰਬਾਰ ਚਹੇੜੂ ਵਾਲੇ ਦਾ, ਰਹੇ ਸਦਾ ਝੂਲਦਾ ਇਥੇ ਨਿਸ਼ਾਨ ਹੈ।
ਸੰਤ ਕਿਸ਼ਨ ਨਾਥ ਤੋੜਣ, ਮਰਜ਼ ਬਿਮਾਰਾਂ ਦੀ।
ਮੈਂ ਸਿਫ਼ਤ ਕੀ...........................।

ਬਾਬਾ ਫੂਲਨਾਥ ਜੀ ਦਾ, ਡੇਰਾ ਜਗ 'ਚ ਮਹਾਨ ਜੀ।
ਇਸ ਦਰ ਉੱਤੇ ਆ ਕੇ, ਝੁਕਦਾ ਜਹਾਨ ਜੀ।
'ਅਨਜਾਣ ਧੋਗੜੀ' ਨੂੰ, ਰਹਿੰਦੀ ਸਦਾ ਤਲਬ ਦੀਦਾਰਾਂ ਦੀ।
ਮੈਂ ਸਿਫ਼ਤ ਕੀ...........................।

## ਹਰਿ ਨਾਮ ਪਦਾਰਥ ਨਾਨਕ ਮਾਂਗੇ

ਬੈਠਾ ਲਾਲ ਹੈ ਤਵੀ 'ਤੇ ਮਾਂ ਭਾਨੀ ਦਾ,
ਅੱਗ ਪਈ ਕਿਦਾਂ, ਮਾਰੇ ਫਰਾਟੇ,
ਭਾਂਦੋ ਦੇ ਜਿਵੇਂ ਪੈਣ ਛਰਾਟੇ,
ਬੈਠਾ ਲਾਲ ਹੈ ਤਵੀ..........।

ਗਰਮੀ ਦਾ ਉਦੋਂ, ਬੜਾ ਜ਼ੋਰ ਸੀ,
ਚੰਦੂ ਪਾਪੀ ਰੇਤਾ ਪਾਵੇ ਹੋਰ ਸੀ,
ਬੈਠਾ ਲਾਲ ਹੈ ਤਵੀ..........।

ਤੇਰਾ ਭਾਣਾ ਮੀਠਾ ਲਾਗੇ,
ਹਰਿ ਨਾਮ ਪਦਾਰਥ ਨਾਨਕ ਮਾਂਗੇ,
ਬੈਠਾ ਲਾਲ ਹੈ ਤਵੀ..........।

ਧਰਤੀ ਅਤੇ ਅਕਾਸ਼ ਹੈ ਕੰਬੇ,
ਚੰਦੂ ਪਾਪੀ ਜ਼ਰਾ ਨਾ ਸੰਗੇ,
ਬੈਠਾ ਲਾਲ ਹੈ ਤਵੀ..........।

ਦੇਖ ਦੇਖ ਕੇ ਸੰਗਤਾਂ ਰੋਵਣ,
ਅੱਖਾਂ ਵਿੱਚੋਂ ਪਾਣੀ ਡੋਲਣ,
ਬੈਠਾ ਲਾਲ ਹੈ ਤਵੀ..........।

ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਜੀ,
'ਅਨਜਾਣ ਧੋਗੜੀ' ਇਹਨਾਂ ਦਾ ਮੁਹਤਾਜ਼ ਜੀ,
ਬੈਠਾ ਲਾਲ ਹੈ ਤਵੀ ਤੇ..........।



## ਐਸਾ ਨਾਮ ਵਾਲਾ ਰੰਗ ਹੈ ਚੜ੍ਹਾਇਆ

ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਅੰਮ੍ਰਿਤ ਬਾਣੀ ਦਾ।
ਜੋ ਚੜ੍ਹ ਗਿਆ ਪਾਰ ਲਗਾਇਆ, ਅੰਮ੍ਰਿਤ ਬਾਣੀ ਦਾ।

ਮੰਦਰਾਂ 'ਚ ਜਾਣਦਾ, ਨਾ ਸਾਨੂੰ ਕੋਈ ਹੱਕ ਸੀ,
ਪਿੰਡੋਂ ਬਾਹਰ ਛੱਪਰੇ ਤੇ ਉੱਤੇ ਪਾਏ ਕੱਖ ਸੀ,
ਸਾਡੇ ਗੁਰਾਂ ਅੱਜ ਮਹਿਲਾਂ 'ਚ ਵਸਾਇਆਂ,
ਅੰਮ੍ਰਿਤ ਬਾਣੀ ਦਾ...............।

ਇਸ ਤਾਂ ਜਹਾਜ਼ ਵਿੱਚ ਬੈਠੀ, ਮੀਰਾ ਬਾਈ ਸੀ,
ਸਤਿਗੁਰਾਂ ਨਾਮ ਵਾਲੀ, ਰੰਗਤ ਚੜ੍ਹਾਈ ਸੀ,
ਅੰਮ੍ਰਿਤ ਜ਼ਹਿਰ ਤੋਂ ਸੀ ਗੁਰਾਂ ਨੇ ਬਣਾਇਆ,
ਅੰਮ੍ਰਿਤ ਬਾਣੀ ਦਾ...............।

ਅੰਮ੍ਰਿਤ ਬਾਣੀ ਬਾਬੇ ਨਾਨਕ ਨੇ ਗਾਈ ਸੀ,
ਨਾਮ ਦੀ ਖੁਮਾਰੀ ਖਲਕਤ ਨੂੰ ਚੜ੍ਹਾਈ ਸੀ,
ਮਰਦਾਨੇ ਨੇ ਰਬਾਬ ਜਾਂ ਬਜਾਇਆ,
ਅੰਮ੍ਰਿਤ ਬਾਣੀ ਦਾ...............।

ਸ੍ਰੀ ਗੁਰੂ ਨਾਨਕ ਅੰਮ੍ਰਿਤ ਬਾਣੀ ਨੂੰ ਸੰਭਾਲ ਲਿਆ,
ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਗ੍ਰੰਥ ਵਿਚ ਪਾ ਲਿਆ,
ਗ੍ਰੰਥ ਫਿਰ ਸੀ ਸੰਪੂਰਨ ਕਰਾਇਆ,
ਅੰਮ੍ਰਿਤ ਬਾਣੀ ਦਾ...............।

ਕਹਿੰਦਾ 'ਅਨਜਾਣ' ਸੱਚ, 'ਧੋਗੜੀ ਵਾਲਾ' ਏ,
ਖੋਲ੍ਹ ਦਿੱਤਾ ਗੁਰਾਂ ਮੇਰੀ ਅਕਲ ਦਾ ਤਾਲਾ ਏ,
ਐਸਾ ਨਾਮ ਵਾਲਾ ਰੰਗ ਹੈ ਚੜ੍ਹਾਇਆ,
ਅੰਮ੍ਰਿਤ ਬਾਣੀ ਦਾ...............।

## ਆਦਿ-ਧਰਮ ਏਕ ਹੈ, ਸ਼ਾਂਖੇ ਅਨੇਕ ਹੈ

ਆਦਿ-ਧਰਮ ਕਾ, ਪ੍ਰਕਾਸ਼ ਹੋ ।ਅਧਰਮ ਕਾ, ਵਿਨਾਸ਼ ਹੋ।।
ਹਰਿ ਪਾਸਿਓਂ ਆਵੇ ਆਵਾਜ਼। ਸਤਿਗੁਰੂ ਰਵਿਦਾਸ, ਸਤਿਗੁਰੂ ਰਵਿਦਾਸ॥
ਜਦੋਂ ਤਕ ਸਰੀਰ ਤੇਰੇ ਵਿਚ ਹੈ ਸੁਆਸ।
ਜਪੋ ਗੁਰੂ ਰਵਿਦਾਸ, ਜਪੋ ਗੁਰੂ ਰਵਿਦਾਸ
ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ।
ਜੈ ਗੁਰਦੇਵ,
ਧੰਨ ਗੁਰਦੇਵ।
ਆਦਿ ਧਰਮ ਏਕ ਹੈ,
ਸੂਰਜ ਏਕ ਹੈ, ਕਿਰਨੇ ਅਨੇਕ ਹੈਂ।
ਸਾਗਰ ਏਕ ਹੈ, ਲਹਿਰੇਂ ਅਨੇਕ ਹੈਂ।
ਸੋਨਾ ਏਕ ਹੈ, ਜੇਵਰ ਅਨੇਕ ਹੈ।
ਮਾਟੀ ਏਕ ਹੈ, ਬਰਤਨ ਅਨੇਕ ਹੈਂ
ਚਮੜੀ ਏਕ ਹੈ, ਚੇਹਰੇ ਅਨੇਕ ਹੈਂ।
ਭਗਵਾਨ ਏਕ ਹੈ, ਨਾਮ ਅਨੇਕ ਹੈਂ।
ਆਖੇ 'ਅਨਜਾਣ ਧੋਗੜੀ ਵਾਲਾ'।
ਆਦਿ ਧਰਮ ਏਕ ਹੈ, ਸ਼ਾਖੇਂ ਅਨੇਕ ਹੈਂ।



## ਸੁੱਤੀ ਕੌਮ ਮੈਂ ਜਗਾਉਣੀ

ਸੁੱਤੀ ਕੌਮ ਮੈਂ ਜਗਾਉਣੀ, ਰੂਹ ਮੁਰਦਿਆਂ 'ਚ ਪਾਉਣੀ।
ਹੱਕ ਲੈਣੇ ਮਨੂੰਵਾਦੀਆ ਨਾਲ ਲੜਕੇ,
ਭੀਮ ਰਾਓ ਵਾਜਾ ਮਾਰਦਾ
ਉਂਗਲ ਪਾਰਲੀਮੈਂਟ ਵੱਲ ਕਰਕੇ, ਭੀਮ ਰਾਓ.....।

ਚੌਂਕ 'ਚ ਖਲ੍ਹੋ ਕੇ ਜਦੋਂ, ਭੀਮ ਰਾਓ ਪੁਕਾਰਿਆ।
ਆਵੋ ਮੇਰੇ ਕੋਲ ਜਿਹਨੂੰ, ਕੌਮ ਨਾਲ ਪਿਆਰ ਆ।
ਢੰਗ ਜਿਉਣ ਦਾ ਸਿਖਾਵਾਂ, ਸ਼ੇਰ ਗਿਦੜੋਂ ਬਣਾਵਾਂ।
ਹੁੰਦਾ ਕੌਮ ਤੋਂ ਸ਼ਹੀਦ, ਬੰਦਾ ਮਰ ਕੇ,
ਭੀਮ ਰਾਓ ਬਾਜਾਂ ਮਾਰਦਾ, ਉਂਗਲ ਪਾਰਲੀਮੈਂਟ.....

'ਕੱਠੇ ਹੋ ਕੇ ਨਾਹਰਾਂ, ਤੁਸੀਂ ਏਕਤਾ ਦਾ ਲਾ ਦਿਓ।
ਜੜ੍ਹਾਂ ਮਨੂੰਵਾਦ ਦੀਆਂ, ਮੁੱਢ ਤੋਂ ਹਿਲਾ ਦਿਓ।
ਜਾਉ ਮੈਦਾਨ ਵਿਚ ਡੱਟ, ਬੂਟਾ ਜੜ੍ਹੋਂ ਦਿਓ ਪੱਟ।
ਏਕਤਾ ਦਾ ਕੁਹਾੜਾ ਹੱਥ ਫੜ ਕੇ,
ਭੀਮ ਰਾਓ ਵਾਜਾ ਮਾਰਦਾ,
ਉਂਗਲ ਪਾਰਲੀਮੈਂਟ ਵੱਲ ਕਰਕੇ, ਭੀਮ ਰਾਓ.....।

ਹੱਸ-ਹੱਸ ਕੌਮ ਜਿਹੜੀ, ਦੇਵੇ ਕੁਰਬਾਨੀਆਂ।
ਆਉਂਦੀਆਂ ਨਾ ਨੇੜੇ ਕਦੇ, ਉਸ ਦੇ ਗੁਲਾਮੀਆਂ।
ਮੇਰੀ ਗੱਲ ਤੁਸੀਂ ਮੰਨੋ, ਸਿਰ ਵੈਰੀਆਂ ਦੇ ਭੰਨੋ।
ਟਾਇਮ ਲੰਘਣੇ ਨਾ, ਵੈਰੀਆਂ ਤੋਂ ਡਰ ਕੇ।
ਭੀਮ ਰਾਓ ਬਾਜਾਂ ਮਾਰਦਾ, ਉਂਗਲ ਪਾਰਲੀਮੈਂਟ.....

ਜੀਣਾ ਜੇ ਆਜ਼ਾਦੀ ਨਾਲ, ਕਹਿੰਦੇ ਭੀਮ ਬੋਲ ਜੀ।
ਸਿਰ 'ਤੇ ਕਫ਼ਨ ਬੰਨ, ਆ ਜਾਓ ਮੇਰੇ ਕੋਲ ਜੀ।
'ਅਨਜਾਣਾ' 'ਕੱਠੇ ਹੋ ਕੇ ਸਾਰੇ, ਬੋਲੋ ਗੱਜ ਕੇ ਜੈ ਕਾਰੇ,
ਸੋਚ ਮੰਨੂ ਦੀ ਮਾਰੋ, ਸਾਰੇ ਏਕਾ ਕਰਕੇ,
ਭੀਮ ਰਾਓ ਬਾਜਾਂ ਮਾਰਦਾ, ਉਂਗਲ ਪਾਰਲੀਮੈਂਟ.....



## ਆਪਣੇ ਹੱਕ ਲੈ ਜਾਓ ਜੀ

ਬਾਬਾ ਸਾਹਿਬ ਤੋਂ ਪਹਿਲਾਂ, ਔਰਤ ਪੈਰ ਦੀ ਜੁੱਤੀ ਸੀ,
ਇਕ ਲਾਓ ਤੇ ਇੱਕ ਪਾਓ ਜੀ।
ਔਰਤ ਦੀ ਫਰਿਆਦ ਸੁਣ ਕੇ,
ਆਇਆ ਜੱਗ ਤੇ ਭੀਮ ਰਾਓ ਜੀ।
14 ਅਪ੍ਰੈਲ ਸੰਨ 1891 ਨੂੰ,
ਮਖੂ ਛਉਣੀ ਸੀ ਗਾਓ ਜੀ।
ਔਰਤਾਂ ਨੂੰ ਸਾਡਾ ਕਹਿਣਾ ਹੈ,
ਬਾਬਾ ਸਾਹਿਬ ਨੂੰ ਨਾ ਭੁਲਾਓ ਜੀ।
ਹੋਰ ਬਾਬੇ ਦੁਨੀਆਂ ਦੇ ਛੱਡੋ ਸਾਰੇ,
ਬਾਬਾ ਜੀ ਦੇ ਪੈਰ ਹੱਥ ਲਗਾਓ ਜੀ।
ਇਸ ਦੇਸ਼ ਦੀ ਵਾਂਗ ਡੋਰ ਨੂੰ,
ਇਸ ਦੇ ਪੈਰੋਕਾਰਾਂ ਦੇ ਹੱਥ ਫੜਾਓ ਜੀ।
ਕਹੇ 'ਅਨਜਾਣ ਧੋਗੜੀ ਵਾਲਾ' ਇਹਨਾਂ ਤੋਂ,
ਆਪਣੇ ਹੱਕ ਲੈ ਜਾਓ ਜੀ।

## ਸਦੀਆਂ ਤੋਂ ਪੱਛੜਿਆਂ ਨੂੰ ਉੱਚਿਆਂ ਨਾਲ ਜੋੜਿਆ ਹੈ

ਬਾਬਾ ਸਾਹਿਬ ਭੀਮ ਰਾਓ ਨੇ, ਗੁਲਾਮੀ ਨੂੰ ਤੋੜਿਆ ਹੈ।
ਸਦੀਆਂ ਤੋਂ ਪਛੜਿਆਂ ਨੂੰ, ਉੱਚਿਆ ਨਾਲ ਜੋੜਿਆ ਹੈ।

ਧੱਜੀਆਂ ਉਡਾ ਦਿੱਤੀਆਂ, ਮੰਜਬਾਂ ਦੇ ਜਾਲਾਂ ਦੀਆਂ।
ਜੰਜ਼ੀਰਾਂ ਤੋੜ ਦਿੱਤੀਆਂ, ਕਈ ਬੀਤ ਚੁੱਕੇ ਸਾਲਾਂ ਦੀਆਂ।
ਇਕ ਨਵਾਂ ਅਜ਼ਾਦੀ ਦਾ, ਇਤਿਹਾਸ ਜੋੜਿਆ ਹੈ।
ਸਦੀਆਂ ਤੋਂ ਪਛੜਿਆਂ ਨੂੰ..................

ਉਹਨੇ ਰੱਥ ਲਿਆ ਕੇ ਤੇ, ਇਥੇ ਖੜ੍ਹਾ ਹੈ ਕਰ ਦਿੱਤਾ।
ਹੁਣ ਪਿੱਛੇ ਜਾਵੇ ਨਾ, ਇਹੋ ਤੁਹਾਨੂੰ ਦੱਸ ਦਿੱਤਾ।
ਆਏ ਲੱਖ ਤੂਫ਼ਾਨਾਂ ਦੇ, ਨਾ ਹੌਂਸਲਾ ਤੋੜਿਆ ਹੈ।
ਸਦੀਆਂ ਤੋਂ ਪਛੜਿਆਂ ਨੂੰ..................

ਜੰਗ ਲੜੀ ਸੀ ਯੋਧੇ ਨੇ, ਸੀ ਬਿਨਾਂ ਹਥਿਆਰਾਂ ਤੋਂ।
ਕੋਈ ਅੱਗੇ ਨਾ ਟਿੱਕ ਸਕਿਆ, ਉਹਦੀ ਕਲਮ ਦੇ ਵਾਰਾਂ ਤੋਂ।
ਮਨੂੰਵਾਦ ਨਹੀਂ ਉੱਠ ਸਕਦਾ, ਉਹਨੇ ਐਸਾ ਝੰਜੋੜਿਆ ਹੈ।
ਸਦੀਆਂ ਤੋਂ ਪਛੜਿਆਂ ਨੂੰ..................

ਬਾਬਾ ਸਾਹਿਬ ਦੇ ਰਾਹਾਂ 'ਤੇ, ਪੈਰ ਸੋਚੋ ਧਰਨੇ ਦੀ।
ਦਿੱਲੀ ਪਾਰਲੀਮੈਂਟ ਉੱਤੋਂ, ਸੋਚੋ ਕਬਜ਼ਾ ਕਰਨੇ ਦੀ।
ਤੀਰ ਨਿਸ਼ਾਨੇ ਤੇ, 'ਅਨਜਾਣ' ਨੇ ਛੋੜਿਆ ਹੈ।
ਸਦੀਆਂ ਤੋਂ ਪਛੜਿਆਂ ਨੂੰ..................



## ਸ਼ੇਰ ਮਰਦ ਇਸ ਧਰਤੀ 'ਤੇ ਪੈਰ ਧਰਦਾ

ਕਦੇ ਕਦੇ ਯੁੱਗ ਪੁਰਸ਼ ਦਾ ਜਨਮ ਹੁੰਦਾ,
ਕਦੇ ਕਦੇ ਅਸਮਾਨ ਤੋਂ ਨੂਰ ਵਰਦਾ।
ਚੱਕਰ ਜੁਗਾਂ ਦੇ, ਸਦੀਆਂ ਦੇ ਗੇੜ ਪਿੱਛੋਂ,
ਸ਼ੇਰ ਮਰਦ ਇਸ ਧਰਤੀ 'ਤੇ ਪੈਰ ਧਰਦਾ।
ਉਸ ਦੇ ਸੱਚ ਦੀ ਧਮਕ ਤੋਂ ਧਰਤ ਕੰਬਦੀ,
ਉਹਦੇ ਹੱਕੀ ਵੰਗਾਰੋ ਅਸਮਾਨ ਡਰਦਾ।
ਉਸ ਦਾ ਇਕੋ ਇਸ਼ਾਰਾ ਭੂਚਾਲ ਬਣ ਕੇ,
ਹੇਠੋਂ ਉੱਪਰ ਤੇ ਉੱਪਰਲੀ ਹੇਠ ਕਰਦਾ।
ਧੰਨ-ਧੰਨ ਬਾਬਾ ਭੀਮ ਰਾਓ ਜੀ,
ਧਰਤੀ ਧੱਸਿਆ ਨੂੰ ਚੁੱਕ ਗਲ਼ ਲੌਣ ਆਇਆ।
ਧੰਨ-ਧੰਨ ਡਾ. ਅੰਬੇਡਕਰ ਮਹਾਂ ਯੋਧਾ,
ਸੰਗਲ ਗੁਲਾਮੀ ਦੇ ਲਹਾਉਣ ਆਇਆ,
ਕਹੇ ਅਨਜਾਣ ਸਾਨੂੰ ਤਖ਼ਤਾਂ ਉੱਤੇ ਬਿਠਾਉਣ ਆਇਆ।



# ਹੱਕ ਲੜਕੇ ਲੈਣਾ ਸਿਖਾ ਗਏ ਨੇ

ਦੇਸ਼ ਤੇ ਕੌਮ ਲਈ, ਜੋ ਕੁੱਝ ਕਰਦੇ ਨੇ,
ਉਹਨਾਂ ਨੂੰ ਲੋਕੀਂ ਹਰ ਦਮ ਯਾਦ ਪਏ ਕਰਦੇ ਨੇ।
ਜਿਹੜੇ ਦੇਸ਼ ਤੇ ਕੌਮ ਲਈ ਮਰਦੇ ਨੇ,
ਉਹਨਾਂ ਦੀਆਂ ਯਾਦਗਾਰਾਂ 'ਤੇ ਫੁੱਲ ਚੜ੍ਹਦੇ ਨੇ।
ਜਿਹੜੇ ਦੇਸ਼ ਤੇ ਕੌਮ ਲਈ, ਕੁੱਝ ਕਰ ਚੱਲੇ।
ਉਹਨਾਂ ਦੀ ਏਥੇ ਵੀ ਬੱਲੇ ਬੱਲੇ, ਉਥੇ ਵੀ ਬੱਲੇ ਬੱਲੇ।
ਕਹਿੰਦਾ 'ਅਨਜਾਣ ਧੋਗੜੀ ਵਾਲਾ',
ਦਲਿਤੋ ਖੋਲ੍ਹੋ ਤੁਸੀਂ ਵੀ ਅਕਲ ਦਾ ਤਾਲਾ।

ਬਾਬਾ ਸਾਹਿਬ ਦਾ ਆਪ ਨੂੰ ਸੰਦੇਸ਼ ਕੀ ਹੈ।
ਪੜ੍ਹੋ ਜੁੜੋ ਅਤੇ ਸੰਘਰਸ਼ ਕਰੋ।
ਬਾਬਾ ਸਾਹਿਬ ਜੀ ਤੁਹਾਨੂੰ ਫੁਰਮਾ ਗਏ ਨੇ।
ਹੱਕ ਤੇਰਾ ਸੰਵਿਧਾਨ ਵਿਚ ਦਲਿਤ ਵੀਰਾ,
ਬਾਬਾ ਸਾਹਿਬ ਜੀ ਦਰਜ਼ ਕਰਾ ਗਏ ਨੇ।
ਘਰ ਬੈਠਿਆ ਹੱਕ ਨਹੀਂ ਕਦੇ ਮਿਲਦੇ,
ਹੱਕ ਲੜਕੇ ਲੈਣਾ ਸਿਖਾ ਗਏ ਨੇ।
ਤੈਨੂੰ ਆਪਣਾ ਹੱਕ ਲੈਣ ਦੇ ਲਈ,
ਤੇਰੀ ਦਲਿਤਾ ਵੋਟ ਬਣਾ ਗਏ ਨੇ।
ਤੇਰੇ ਹੱਥਾਂ ਵਿੱਚ ਹਥਿਆਰਾਂ ਦੀ ਥਾਂ,
ਦਲਿਤ ਵੀਰਨਾ ਵੋਟ ਫੜਾ ਗਏ ਨੇ।
ਤੇਰੇ ਮੁਕੱਦਰਾਂ ਸੁਣੀ 'ਅਨਜਾਣ' ਵੀਰਾ,
ਤੇਰੀ ਮੁੱਠੀ ਵਿਚ ਬਾਬਾ ਸਾਹਿਬ ਪਾ ਗਏ ਨੇ।
ਚਾਹੇ ਇਸ ਨੂੰ ਬਰਬਾਦ ਕਰ ਲੈ,
ਚਾਹੇ ਦਿੱਲੀ ਦੇ ਤਖ਼ਤ ਤੇ ਰਾਜ ਕਰ ਲੈ।
ਅੱਜ ਅੱਜ ਹੀ ਕੋਈ ਵਿਚਾਰ ਕਰ ਲੈ।



# ਤੈਨੂੰ ਤੀਰ ਤਲਵਾਰ ਦੀ ਲੋੜ ਨਹੀਂਓ

ਵੋਟ ਦਾ ਅਧਿਕਾਰ 18 ਅਗਸਤ, 1932 ਨੂੰ ਬਾਬਾ ਸਾਹਿਬ ਨੇ ਲੈ ਕੇ ਦਿੱਤਾ,
ਇਸ ਨੂੰ ਵਰਤਣਾ ਕਿੱਦਾਂ, ਭਾਈ ਤੈਨੂੰ ਲੋੜ ਹੈ ਹੁਣ ਸਮਝਣ ਦੀ ਕੀ ਕਰਨਾ।

ਤੈਨੂੰ ਲੋੜ ਹੈ ਹੁਣ ਸਮਝਣੇ ਦੀ,
ਤੈਨੂੰ ਤੀਰ ਤਲਵਾਰ ਦੀ ਲੋੜ ਨਈਓਂ।
ਤੈਨੂੰ ਲੋੜ ਹੈ ਹੁਣ ਬਸ ਏਕਤਾ ਦੀ,
ਏ.ਕੇ.-47 ਹਥਿਆਰ ਦੀ ਲੋੜ ਨਈਓਂ।

ਤੁਸੀਂ ਪੰਜੇ ਉਂਗਲਾਂ ਇਕਮੁੱਠ ਹੋ ਜਾਓ,
ਆਪਸ ਵਿਚ ਵਿਵਾਦ ਦੀ ਲੋੜ ਨਈਓਂ।
ਇਕ ਦੂਜੇ ਦਾ ਹੱਥ ਪਕੜੋ ਜੰਜ਼ੀਰ ਬਣ ਜਾਓ,
ਆਪਸ ਵਿਚ ਤਕਰਾਰ ਦੀ ਲੋੜ ਨਈਓਂ।
ਆਪਣੀ ਸਰਕਾਰ ਬਣਾ 'ਅਨਜਾਣ' ਵੀਰਾ,
ਕਿਸੇ ਹੋਰ ਸਰਕਾਰ ਦੀ ਲੋੜ ਨਈਓਂ।



## ਪਾਰਲੀਮੈਂਟ ’ਤੇ ਹੱਕ ਜਮਾ ਲਓ

ਜੇਕਰ ਰਾਜ ਤੇਰਾ ਦਲਿਤਾ, ਤੇਰੀ ਬੱਲੇ ਬੱਲੇ।
ਜੇਕਰ ਤੇਰਾ ਰਾਜ ਨ੍ਹੀਂ, ਫਿਰ ਤੂੰ ਥੱਲੇ ਥੱਲੇ।

ਉੱਠੋ ਦਲਿਤੋ ਹਮਲਾ ਮਾਰੋ,
ਦੇਸ਼ ਕੌਮ ਦਾ ਬਾਗ ਸੰਭਾਲੋ,
ਬਹੁਜਨ ਨੂੰ ਤੁਸੀਂ ਨਾਲ ਮਿਲਾ ਲਓ,
ਪਾਰਲੀਮੈਂਟ ਤੇ ਹੱਕ ਜਮਾ ਲਓ।
ਕਹੇ ‘ਅਨਜਾਣ ਧੋਗੜੀ ਵਾਲਾ’,
ਨੀਲਾ ਝੰਡਾ ਲੈ ਕੇ ਲਹਿਰਾ ਲੋ।

ਬਾਬਾ ਸਾਹਿਬ ਜੀ ਤੁਸੀਂ ਦਿੱਲੀ ’ਤੇ ਕਬਜ਼ਾ ਕਰਨ ਦੇ ਲਈ,
ਛਾਤੀ ਤਾਣ ਕੇ ਉਸ ਵੱਲ, ਉਂਗਲ ਉਠਾਈ ਸੀ।
ਤੁਸੀਂ ਬਾਬਾ ਸਾਹਿਬ ਜੀ ਅੱਗੇ ਹੋ ਕੇ,
ਦਿੱਲੀ ਤੇ ਕਬਜ਼ਾ ਕਰਨ ਦੀ, ਰਾਹ ਦਿਖਾਈ ਸੀ।
ਅਸੀਂ ਤੇਰੀ ਉਂਗਲ ਵਲ ਹੀ ਦੇਖੀ ਗਏ,
ਅਸੀਂ ਆਪਣੇ ਖਾਨੇ ਇਹ ਗਲ ਨਾ ਪਾਈ ਹੈ,
ਦਲਿਤੋ ਇਹ ਕਿਤਾਬ ਨਹੀਂ ਇਹ ਸੰਵਿਧਾਨ ਹੈ,
ਇਸ ਵਿੱਚ ਦਲਿਤਾ ਤੇਰੇ ਹੱਕਾਂ ਦੀ ਆਵਾਜ਼ ਉਠਾਈ ਹੈ।
ਕਹੇ ‘ਅਨਜਾਣ ਧੋਗੜੀ ਵਾਲਾ’, ਗੌਰ ਨਾਲ ਸੁਣ ਲਓ,
ਤੁਸੀਂ ਤਾਂ ਪਹਿਰਾ ਦਿਉਗੇ ਠੋਕ ਠੋਕ
ਇਹੋ ਰੱਟ ਲਗਾਈ ਹੈ।



## ਜਾਤ ਵਰਨ ਦਾ ਬੀਜ ਖਿਲਾਰ ਦਿੱਤਾ

ਮਨੂੰ ਨੇ ਮਨੂੰ ਸਿਮ੍ਰਤੀ ਨੂੰ ਜਨਮ ਦੇ ਕੇ,
ਜਾਤੀ ਵਰਨ ਦਾ ਬੀਜ ਖਿਲਾਰ ਦਿੱਤਾ।
ਬ੍ਰਾਹਮਣ ਖੱਤਰੀ ਵੈਸ਼ ਤੇ ਸ਼ੂਦ ਕਰਕੇ,
ਚੌਹ ਵਰਨਾ ਦਾ ਪਾੜ ਪਾ ਦਿੱਤਾ।
ਤਿੰਨਾਂ ਵਰਨਾਂ ਦਾ ਸ਼ੂਦਰ ਤੇ ਭਾਰ ਪਾ ਕੇ,
ਇਹਨੂੰ ਪੈਰਾਂ ਦੇ ਵਿੱਚ ਲਿਤਾੜ ਦਿੱਤਾ।
ਮਨੂੰ ਸਿਮ੍ਰਤੀ ਦੀ ਜੋ ਕਰੇ ਉਲੰਘਣਾ,
ਉਸ ਤੇ ਜ਼ੁਲਮ ਦਾ ਢਾਹ ਪਹਾੜ ਦਿੱਤਾ।
ਇਸ ਨਫ਼ਰਤ ਦੇ ਬੀਜ ਨੇ ਦੇਸ਼ ਤਾਈਂ,
ਗੁਲਾਮੀ ਦੀ ਸੂਲੀ ਤੇ ਚਾੜ੍ਹ ਦਿੱਤਾ।
ਕਹੇ ‘ਅਨਜਾਣ ਧੋਗੜੀ ਵਾਲਾ’,
ਸੁਣੋ ਕੰਨ ਧਰ ਕੇ,
ਉਸ ਸਿਮ੍ਰਤੀ ਨੂੰ ਬਾਬਾ ਸਾਹਿਬ ਜੀ ਨੇ,
ਮੁਹਾੜ ਚੌਂਕ ਵਿਚ ਜਾ ਕੇ ਸਾੜ ਦਿੱਤਾ।



# ਸ਼ੇਰਾਂ ਵਾਂਗ ਨਾਂ ਕਦੇ ਵੀ ਮੜਕ ਹੁੰਦਾ

ਜੇਕਰ ਡਾ. ਭੀਮ ਰਾਓ ਅੰਬੇਡਕਰ ਜੱਗ ਤੇ ਨਾ ਹੁੰਦੇ,
ਤੁਹਾਡਾ ਜੀਵਨ ਸਵਰਗ ਨਹੀਂ ਦਲਿਤਾ ਨਰਕ ਹੁੰਦਾ।
ਤੁਸੀਂ ਸਦਾ ਸੀ ਨੀਚ ਰਹਿਣਾ,
ਕਦੇ ਉਚ-ਨੀਚ ਦਾ ਦੂਰ ਨਾ ਫ਼ਰਕ ਹੁੰਦਾ।
ਤੁਸੀਂ ਸੁਸਰੀ ਵਾਂਗ ਸੁੱਤੇ ਰਹਿਣਾ ਸੀ,
ਤੁਹਾਤੋਂ ਬਿਜਲੀ ਵਾਂਗ ਨਾ ਕਦੇ ਕੜਕ ਹੁੰਦਾ।
ਤੁਸੀਂ ਸਦਾ ਡਰਦੇ ਰਹਿਣਾ ਸੀ ਵਿਪਰਾਂ ਤੋਂ,
ਤੁਹਾਡਾ ਦਿਲ ਨਾ ਕਦੇ ਨਿਧੱੜਕ ਹੁੰਦਾ।
ਕਹੇ 'ਅਨਜਾਣ ਧੋਗੜੀ ਵਾਲਾ',
ਤੁਸੀਂ ਬਿਲੀ ਵਾਂਗੂ ਮਿਆਊਂ ਮਿਆਊਂ ਸੀ ਕਰਨਾ,
ਸ਼ੇਰਾਂ ਵਾਂਗ ਨਾ ਕਦੇ ਵੀ ਗੱੜਕ ਹੁੰਦਾ।





# ਰਾਜ ਦਿੱਲੀ 'ਤੇ ਕਰਨਾ

ਸੰਭਲ-ਸੰਭਲ ਕੇ ਚੱਲ ਵੀਰਨਾ,
ਕੱਲ ਨਹੀਂ ਸੁਣ ਅੱਜ ਵੀਰਨਾ,
ਦਲਿਤ ਵੀਰਨੋ 'ਕੱਠੇ ਹੋ ਕੇ ਹੰਭਲਾ ਮਾਰੋ ਜੀ,
ਰਾਜ ਦਿੱਲੀ 'ਤੇ ਕਰਨਾ, ਸਾਰੇ ਦਿਲ ਵਿਚ ਧਾਰੋ ਜੀ।

ਤੈਨੂੰ ਲੋੜ ਸਮਝ ਦੀ ਦਲਿਤਾ, ਲੋੜ ਨਾ ਲੜਨੇ ਦੀ।
ਹੁਣ ਲੋੜ ਨਹੀਂ ਤੈਨੂੰ ਕੋਈ, ਹੱਥ ਵਿਚ ਰਫ਼ਲਾ ਫੜਨੇ ਦੀ।
ਨਾਲ ਸਮਝ ਦੇ ਵਿਗੜੇ ਦਲਿਤੋ ਕੰਮ ਸਵਾਰੋ ਜੀ,
ਰਾਜ ਦਿੱਲੀ 'ਤੇ ਕਰਨਾ........................

ਰਾਜ ਭਾਗ ਲੈਣ ਲਈ ਦਲਿਤਾ ਤੇਰਾ, ਵੋਟ ਬਣਾਇਆ ਹੈ।
ਤੇਰਾ ਮੁਕੱਦਰ ਭੀਮ ਰਾਓ ਜੀ ਨੇ, ਤੇਰੀ ਮੁੱਠ 'ਚ ਪਾਇਆ ਹੈ।
ਰਾਜ ਹੈ ਮਿਲਣਾ ਵੋਟ ਨਾਲ, ਜ਼ਰਾ ਸੋਚ ਵਿਚਾਰੋ ਜੀ।
ਰਾਜ ਦਿੱਲੀ 'ਤੇ ਕਰਨਾ........................

ਹੱਕ ਵੋਟ ਦਾ ਭੀਮ ਰਾਓ ਨੇ, ਮਸਾਂ ਦਵਾਇਆ ਹੈ।
ਸਹੀ ਵੋਟ ਦੀ ਵਰਤੋਂ ਕਰਨਾ, ਇਹ ਸਮਝਾਇਆ ਹੈ।
ਸਹਿਜੇ ਇਸ ਜੀ ਵਰਤੋਂ ਕਰ ਲਓ, ਕਦੇ ਨਾ ਹਾਰੋ ਜੀ।
ਰਾਜ ਦਿੱਲੀ 'ਤੇ ਕਰਨਾ........................

ਪੈਗ ਸ਼ਰਾਬਾਂ ਦੇ ਵੱਲ ਤੁਸੀਂ ਤਾਂ, ਕਦੇ ਵੀ ਦੇਖੋ ਨਾ।
ਵੋਟ ਬੜਾ ਅਨਮੋਲ, ਸ਼ਰਾਬਾਂ ਬਦਲੇ ਵੇਚੋ ਨਾ।
'ਅਨਜਾਣ ਧੋਗੜੀ ਵਾਲੇ' ਦੀ, ਨਾ ਗੱਲ ਬਿਸਾਰੋ ਜੀ।
ਰਾਜ ਦਿੱਲੀ 'ਤੇ ਕਰਨਾ........................

## ਕਿਆਰੀ ਕ੍ਰਾਂਤੀ ਦੇ ਖ਼ੂਨ ਨਾਲ ਸਿੰਝ ਦਿੱਤੀ

ਧਰਮ ਦੇ ਠੇਕੇਦਾਰੋ, ਜ਼ਰਾ ਗੌਰ ਨਾਲ ਸੁਣ ਲਓ,
ਇਹ ਕ੍ਰਾਂਤੀ ਦੀ ਲਹਿਰ, ਨਹੀਂ ਰੁਕ ਸਕਦੀ।
ਕੱਟੜਵਾਦ ਦੇ ਲੱਖਾਂ ਤੂਫ਼ਾਨ ਆਵਣ,
ਅਣਖ਼ੀ ਯੋਧਿਆਂ ਦੀ ਗਰਦਨ ਨਹੀਂ ਝੁਕ ਸਕਦੀ,
ਕਿਆਰੀ ਕ੍ਰਾਂਤੀ ਦੀ ਖ਼ੂਨ ਨਾਲ ਸਿੰਝ ਦਿੱਤੀ,
ਇਹ ਮੁਕਾਇਆਂ ਵੀ ਕਦੇ ਨਹੀਂ ਮੁੱਕ ਸਕਦੀ,
ਵਿੱਚ ਬੀਜ ਜੋ ਕ੍ਰਾਂਤੀ ਦਾ ਬੀਜ ਦਿੱਤਾ,
ਕੋਈ ਤਾਕਤ 'ਅਨਜਾਣ' ਨਈਂ ਪੁੱਟ ਸਕਦੀ।

ਉਸ ਬੰਦੇ ਦੀ ਹਮੇਸ਼ਾ ਹੀ ਹਾਰ ਹੋਵੇ,
ਜਿਸ ਨੂੰ ਆਪਣੇ ਦੁਸ਼ਮਣ ਦੀ ਭਿਣਕ ਹੈ ਨ੍ਹੀਂ।
ਉਹ ਵੀ ਸੂਰਮਾ ਕਾਹਦਾ ਮੈਦਾਨ ਅੰਦਰ,
ਜਿਸ ਦੇ ਹੱਥ ਵਿਚ ਬਾਣ ਤੇ ਧੁਣਖ ਹੈ ਨ੍ਹੀਂ।
ਉਹ ਕੌਮਾਂ ਜੀਣ ਗੁਲਾਮੀਆਂ ਨੂੰ,
ਜਿਸ ਕੌਮ ਦੇ ਅੰਦਰ ਗ਼ੈਰਤ ਤੇ ਅਣਖ਼ ਹੈ ਨ੍ਹੀਂ।
ਕਹੇ 'ਅਨਜਾਣ ਧੋਗੜੀ ਵਾਲਾ' ਜ਼ਰਾ ਸੋਚੋ,
ਕੀ ਤੁਹਾਡੇ ਵਿੱਚ ਜ਼ਰਾ ਵੀ ਅਣਖ਼ ਹੈ ਨ੍ਹੀਂ।



## ਤੇਰੀ ਦਲਿਤਾ ਕਿਹੋ ਜਿਹੀ ਹਾਲਤ

ਦਲਿਤਾ ਤੇਰੇ ਮੂੰਹ ਮੂਹਰੇ ਕੁੱਜਾ, ਪਿਛੇ ਬੰਨਿਆ ਝਾੜੂ,
ਤੂੰ ਜ਼ਮੀਨ ਤੇ ਥੁੱਕ ਨਹੀਂ ਸੀ ਸਕਦਾ।
ਤੂੰ ਟੱਲੀਆਂ ਖੜਕੌਂਦਾ ਜਾਂਦਾ ਸੀ,
ਤੂੰ ਰਸਤੇ ਵਿਚ ਕਿਤੇ ਰੁਕ ਨਹੀਂ ਸੀ ਸਕਦਾ।
ਤੇਰੀ ਦਲਿਤਾ ਇਹੋ ਜਿਹੀ ਹਾਲਤ ਸੀ,
ਤੂੰ ਕਿਸੇ ਨੂੰ ਰਸਤਾ ਵੀ ਪੁੱਛ ਨਹੀਂ ਸੀ ਸਕਦਾ।
ਜੇ ਰਸਤੇ ਵਿਚ ਆਫ਼ਤ ਕੋਈ ਆ ਜਾਵੇ,
ਤੂੰ ਕਿਸੇ ਦੇ ਘਰ ਵਿਚ ਰੁਕ ਨਈ ਸੀ ਸਕਦਾ।
ਕਹੇ 'ਅਨਜਾਣ ਧੋਗੜੀ ਵਾਲਾ',
ਤੈਨੂੰ ਸਾਰੇ ਕੁਟਦੇ ਤੂੰ ਕਿਸੇ ਨੂੰ ਕੁੱਟ ਨਹੀਂ ਸੀ ਸਕਦਾ।
ਤੂੰ ਅੱਜ ਦਲਿਤਾ ਵਿਆਹ ਕਰਵਾਉਣ ਵੇਲੇ,
ਘੋੜੀ ਤੇ ਚੜ੍ਹ ਨਹੀਂ ਸਕਦਾ।
ਤੂੰ ਅੱਜ ਵੀ ਦਲਿਤਾ ਪਾ ਚੰਗੇ ਕੱਪੜੇ,
ਮੋਟਰ ਸਾਈਕਲ ਤੇ ਚੜ੍ਹ ਨਹੀਂ ਸਕਦਾ।
ਤੂੰ ਚਿੱਟੇ ਕੱਪੜੇ, ਤਿਲੇ ਵਾਲੀ ਜੁੱਤੀ ਪਾ ਕੇ,
ਚੌਂਕ ਵਿਚ ਖੜ੍ਹ ਨਈ ਸਕਦਾ।
ਦਲਿਤਾ ਤੁਹਾਡੀ ਨੂੰਹ ਧੀ ਸਰਪੰਚਣੀ ਬਣੀ,
ਉਹਦੇ ਮੂੰਹ ਗੋਹਾ ਪਾ ਦਿੱਤਾ।
'ਧੋਗੜੀ ਵਾਲੇ ਅਨਜਾਣ' ਤਾਈਉਂ ਇਹੋ ਸੱਚ ਸੁਣਾ ਦਿੱਤਾ।

## ਚੜ੍ਹਦੇ ਸੂਰਜ ਨੂੰ ਸਲਾਮਾਂ

ਚੜ੍ਹਦੇ ਸੂਰਜ ਨੂੰ ਸਲਾਮਾਂ ਕਰਦੇ ਨੇ ਸਾਰੇ,
ਪਰ ਲਹਿੰਦੇ ਸੂਰਜ ਨੂੰ ਕਰਦਾ ਹੈ ਕੋਈ ਕੋਈ।
ਐਪਰ ਰੱਜੇ ਤਾਂਈ ਰੋਟੀ ਪੁੱਛਦੇ ਨੇ ਸਾਰੇ,
ਪਰ ਭੁੱਖੇ ਨੂੰ ਪੁੱਛਦਾ ਹੈ ਕੋਈ ਕੋਈ।
ਮਰਿਆਂ ਨੂੰ ਪੂਜਦੀ ਹੈ ਦੁਨੀਆਂ ਸਾਰੀ,
ਪਰ ਜਿਊਂਦੇ ਨੂੰ ਪੂਜਦਾ ਹੈ ਕੋਈ ਕੋਈ।
ਅਮੀਰਾਂ ਨੂੰ ਲੋਕੀਂ ਕਰਦੇ ਨੇ ਝੁੱਕ-ਝੁੱਕ ਸਲਾਮਾਂ,
ਗਰੀਬਾਂ ਨਾਲ ਨਜ਼ਰ ਮਿਲਾਉਂਦਾ ਹੈ ਕੋਈ ਕੋਈ।
ਚੱਲਦੀ ਨਾਲ ਕਦਮ ਮਿਲਾਉਂਦੀ ਹੈ ਦੁਨੀਆਂ,
ਪਰ ਡਿੱਗੇ ਨੂੰ ਉਠਾਉਂਦਾ ਹੈ ਕੋਈ ਕੋਈ।
ਝੂਠ ਫ਼ਰੇਬ ਦਾ ਪੱਲਾ ਫੜਦੀ ਹੈ ਦੁਨੀਆਂ,
ਪਰ ਸੱਚ ਤੇ ਚਲਦਾ ਹੈ ਕੋਈ ਕੋਈ।
ਹੱਕਾਂ ਹਕੂਕਾਂ ਦੀ ਗੱਲ ਤਾਂ ਕਰਦੇ ਨੇ ਸਾਰੇ,
ਪਰ ਤੂਫ਼ਾਨਾਂ ਨਾਲ ਟਕਰਾਉਂਦਾ ਹੈ ਕੋਈ ਕੋਈ।
ਦੋ ਕਦਮ ਤਾਂ 'ਅਣਜਾਣ' ਤੁਰ ਲੈਂਦੇ ਨੇ ਸਾਰੇ,
ਪਰ ਉਮਰਾਂ ਦਾ ਸਾਥ ਨਿਭਾਉਂਦਾ ਹੈ ਕੋਈ ਕੋਈ।



## ਹਿੰਮਤ ਕਰ ਹਿੰਮਤ ਨਾਲ ਹਰ ਕੰਮ ਬਣਦਾ

ਹਿੰਮਤ ਕਰ ਹਿੰਮਤ ਨਾਲ ਪਰਬਤ ਚੀਰੇਂ,
ਹਿੰਮਤ ਨਾਲ ਪਹਾੜੀ ਚੜ੍ਹਦੇ ਨੇ।
ਹਿੰਮਤ ਕਰ ਹਿੰਮਤ ਨਾਲ ਮੰਜ਼ਲ 'ਤੇ ਪਹੁੰਚੇ,
ਹਿੰਮਤ ਨਾਲ ਸਾਗਰ ਤਰਦੇ ਨੇ।
ਹਿੰਮਤ ਕਰ ਹਿੰਮਤ ਨਾਲ ਹਰ ਕੰਮ ਬਣਦਾ,
ਹਿੰਮਤ ਨਾਲ ਕੰਮ ਨਾ ਅੜਦੇ ਨੇ।
ਉਹ ਕਾਮਯਾਬ ਕਦੇ ਨਾ ਹੁੰਦੇ,
ਜੋ ਸੋਚਾਂ ਮਨ ਵਿਚ ਕਰਦੇ ਨੇ।
ਜਿੱਤ ਸਦਾ ਉਹਨਾਂ ਦੇ ਕਦਮ ਚੁੰਮੇ,
ਜੋ ਪੱਕੇ ਇਰਾਦੇ ਕਰਦੇ ਨੇ।
ਕਈ ਸੁਪਨੇ ਦੇਖਦੇ ਰਹਿਣ 'ਅਨਜਾਣ',
ਕਈ ਸੁਪਨੇ ਪੂਰੇ ਕਰਦੇ ਨੇ।

ਤੂੰ ਰਾਹੀਂ ਦੂਰ ਦਾ ਹੈਂ,
ਕਈ ਪਰਬਤ ਚੜ੍ਹਦੇ ਨੇ।
ਸੁਪਨੇ ਦੇਖਣੇ ਨਹੀਂ,
ਸੁਪਨੇ ਪੂਰੇ ਕਰਨੇ ਨੇ।
ਕੰਮ ਕਰਨੇ ਵਾਲੇ ਦੀ,
ਇਹ ਹੀ ਰੀਤ ਹੁੰਦੀ ਹੈ।
ਮੇਹਨਤ ਕਰਨੇ ਵਾਲੇ ਦੀ,
ਹਮੇਸ਼ਾ ਜਿੱਤ ਹੁੰਦੀ ਹੈ।
'ਅਨਜਾਣ ਧੋਗੜੀ ਵਾਲੇ' ਨੇ,
ਸੱਚ ਸੁਣਾਇਆ ਹੈ।
ਸੁਪਨੇ ਪੂਰੇ ਕਰਨੇ ਦਾ,
ਤੈਨੂੰ ਰਾਹ ਦਿਖਾਇਆ ਹੈ।

## ਆਉਣ ਤੂਫ਼ਾਨ ਜੇ ਲੱਖ ਤੈਨੂੰ

ਖੜਾ ਹਿਮਾਲਾ ਹੈ ਦੱਸੇ ਤੁਹਾਨੂੰ, ਨੇਹਰੀਆਂ ਤੇ ਝੱਖੜਾਂ ਤੋਂ ਡਰਨਾ ਨਹੀਂ।
ਅਡੋਲ ਰਹੋ ਨਾ ਡੋਲੋ ਜ਼ਰਾ ਵੀ, ਕਦਮ ਪਿਛਾਂਹ ਨੂੰ ਧਰਨਾ ਨਹੀਂ।
ਕੰਢੇ ਤੇ ਖੜ੍ਹਾ ਜੇ ਦੇਖੀ ਜਾਵੇਗਾ, ਤੈਂ ਸਾਗਰ ਕਦੇ ਵੀ ਤਰਨਾ ਨਹੀਂ।
ਸਮੁੰਦਰ ਵਿਚੋਂ ਕੀ ਲੱਭੇਗਾ ਭਾਈ, ਜੇ ਵਿੱਚ ਸਮੁੰਦਰ ਦੇ ਵੜਨਾ ਨਹੀਂ।
ਚੈਕ ਦੀਆਂ ਫਿਰ ਛੱਡ ਉਡੀਕਾਂ, ਜੇ ਕੰਮ 'ਅਨਜਾਣਾ' ਕਰਨਾ ਨਹੀਂ।

ਭਾਵੇਂ ਰਾਹਾਂ ਵਿਚ ਆਵੇ ਮੁਸੀਬਤ, ਮੰਜ਼ਲ ਮੈਂ ਪੂਰੀ ਕਰਕੇ ਰਹਾਂਗਾ।
ਜਿਹੜੇ ਮੈਂ ਸੁਪਨੇ ਦੇਖੇ ਨੇ ਸੱਜਣੋ, ਸੁਪਨੇ ਮੈਂ ਪੂਰੇ ਉਹ ਕਰਕੇ ਰਹਾਂਗਾ।
ਰਸਤੇ ਵਿਚ ਜੇ ਆਵੇ ਰੁਕਾਵਟ, ਤਾਂ ਉਸ ਨੂੰ ਮੈਂ ਪਿੱਛੇ ਧਰਕੇ ਰਹਾਂਗਾ।
ਪਤਾਰੇ ਸਟੇਜ਼ ਤੇ ਜੋ ਚੈਕ ਦਿਖਾਏ, ਮੈਂ ਭੀ ਚੈਕ ਹਾਸਲ ਕਰਕੇ ਰਹਾਂਗਾ।
ਜੇ ਹੋਰ ਕਿਸੇ ਨੇ ਕਾਰ ਹੈ ਲੀਤੀ, ਮੈਂ ਭੀ ਸੈਂਟਰੋ ਹਾਸਲ ਕਰਕੇ ਰਹਾਂਗਾ।
ਅਨਜਾਣ ਧੋਗੜੀ ਵਾਲਾ ਨਾ ਘੱਟ ਕਿਸੇ ਤੋਂ, ਮੈਂ ਭੀ ਪ੍ਰਾਪਤ ਇਹ ਕਰਕੇ ਰਹਾਂਗਾ।

ਆਪਣੇ ਇਰਾਦੇ ਤੋਂ ਮੁੜੋ ਨਾ ਭਾਈ, ਮੰਜ਼ਲ ਤੇ ਪਹੁੰਚ ਸਕੋਗੇ ਤੁਸੀਂ ਸਾਰੇ।
ਤੁਸੀਂ ਵੀ ਉੱਚੇ ਉੱਡ ਸਕਦੇ ਹੋ, ਛੂੰ ਸਕੋਗੇ ਅਸਮਾਨ ਦੇ ਤਾਰੇ।
ਨਿਰਭੈ ਹੋ ਕੇ ਤੁਰੋ ਰਾਹਾਂ ਤੇ, ਪਿਛੇ ਮੁੜਕੇ ਨਾ ਦੇਖ ਪਿਆਰੇ।
ਇਕ ਦਿਨ ਤੈਨੂੰ ਮਿਲੂ ਸਫਲਤਾ, ਬਾਰ ਬਾਰ 'ਅਨਜਾਣ' ਪੁਕਾਰੇ।

ਔਣ ਤੂਫ਼ਾਨ ਜੇ ਲੱਖਾਂ ਤੈਨੂੰ, ਠੱਲੀ ਕਿਸ਼ਤੀ ਲੱਗੂ ਕਿਨਾਰੇ।
ਹੌਂਸਲਾ ਰੱਖ ਤੂੰ ਮੇਰੇ ਵੀਰਾ, ਆਦਮੀ ਉਹ ਜੋ ਹੌਂਸਲਾ ਨਾ ਹਾਰੇ।



## ਝੰਡੇ ਝੁੱਲਦੇ ਨਹੀਂ ਪਹਿਲਾਂ ਗਡੇ ਜਾਂਦੇ ਆ

ਟਾਇਮ ਕਿਸੇ ਦੇ ਕੋਲ ਨਹੀਂ ਹੁੰਦਾ ਜ਼ਿਆਦਾ,
ਟਾਇਮ ਕੌਮ ਤੇ ਗੁਰੂ ਘਰ ਲਈ ਕੱਢੇ ਜਾਂਦੇ ਆ।
ਕੰਮ ਸਾਰੀ ਉਮਰ ਕਦੇ ਮੁਕਦੇ ਨ੍ਹੀਂ,
ਕੰਮ ਦੇਸ਼ ਕੌਮ ਲਈ ਛੱਡੇ ਜਾਂਦੇ ਆ।
ਕੋਕੜੂ ਕਦੇ ਦਾਲ ਵਿਚ ਨਹੀਂ ਗਲਦੇ,
ਕੋਕੜੂ ਦਾਲ 'ਚੋਂ ਛਾਂਟ ਕੇ ਕੱਢੇ ਜਾਂਦੇ ਆ।
ਗੁਲਾਮੀ ਦੇ ਜਾਲ ਕਦੇ ਟੁੱਟਦੇ ਨ੍ਹੀਂ,
ਗੁਲਾਮੀ ਦੇ ਜਾਲ਼ ਦਲਿਤਾ ਵੱਲੋਂ ਵੱਢੇ ਜਾਂਦੇ ਆ।
ਕਹਿੰਦਾ 'ਅਨਜਾਣ ਧੋਗੜੀ ਵਾਲਾ', ਮੇਰੀ ਸੁਣੋ ਸਾਰੇ,
ਝੰਡੇ ਝੁੱਲਦੇ ਨਹੀਂ ਪਹਿਲਾਂ ਗੱਡੇ ਜਾਂਦੇ ਆ।



## ਸੰਸਥਾ ਵੱਲੋਂ ਆਪ ਪ੍ਰਕਾਸ਼ਿਤ ਕੀਤਾ ਅਤੇ ਹੋਰ ਉਪਲੱਬਧ ਲਿਟਰੇਚਰ ਦੀ ਸੂਚੀ ਜੋ ਕੋਰੀਅਰ ਰਾਹੀਂ ਵੀ ਮੰਗਵਾਇਆ ਜਾ ਸਕਦਾ ਹੈ।

1. ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਦੇ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲੇਖਕ ਪ੍ਰੋ. ਲਾਲ ਸਿੰਘ ਕੀਮਤ 200 ਰੁਪਏ।
2. ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ ਲੇਖਕ ਪ੍ਰੋ. ਲਾਲ ਕੀਮਤ 400 ਰੁਪਏ।
3. ਮੂਲ ਮੰਤਰ ਅਨੁਸਾਰ ਆਦਿ ਧਰਮ ਬਨਾਮ ਵਿਸ਼ਵ ਧਰਮ ਦੇ ਸਿਰਜਕ ਗੁਰੂ ਰਵਿਦਾਸ ਲੇਖਕ ਪ੍ਰੋ. ਲਾਲ ਸਿੰਘ ਕੀਮਤ 200 ਰੁਪਏ।
4. ਬੇਗਮਪੁਰਾ ਸ਼ਹਿਰ ਕੋ ਨਾਉ ਵਿੱਚ ਸਥਾਪਿਤ ਵਿਸ਼ਵ ਸੰਵਿਧਾਨ ਦੇ ਸਿਰਜਕ ਗੁਰੂ ਰਵਿਦਾਸ ਜੀ ਲੇਖਕ ਪ੍ਰੋ. ਲਾਲ ਸਿੰਘ ਕੀਮਤ 100 ਰੁਪਏ।
5. ਗੁਰੂ ਰਵਿਦਾਸ ਜੀ ਦਾ ਧਰਮ ਸਿੰਧੂ ਘਾਟੀ ਦੇ ਆਦਿਵਾਸੀ ਅਛੂਤਾਂ ਦਾ ਆਦਿ ਧਰਮ ਲੇਖਕ ਪ੍ਰੋ. ਲਾਲ ਸਿੰਘ ਕੀਮਤ 200 ਰੁਪਏ।
6. ਆਦਿ ਧਰਮ ਬਨਾਮ ਵਿਸ਼ਵ ਧਰਮ ਗ੍ਰੰਥ ਪੋਥੀ ਸਾਹਿਬ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ ਲੇਖਕ ਪ੍ਰੋ. ਲਾਲ ਸਿੰਘ ਕੀਮਤ 200 ਰੁਪਏ।
7. ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ ਲੇਖਕ ਪ੍ਰੋਫੈਸਰ ਲਾਲ ਸਿੰਘ ਕੀਮਤ 500 ਰੁਪਏ।
8. ਫੌਜਾਂ ਦੇ ਸੁਪਰੀਮ ਕਮਾਂਡਰ ਸਤਿਗੁਰੂ ਰਵਿਦਾਸ ਲੇਖਕ ਪ੍ਰੋ. ਲਾਲ ਸਿੰਘ ਕੀਮਤ 200 ਰੁਪਏ।
9. ਉਪਜਿਓ ਗਿਆਨ ਹੂਆ ਪਰਗਾਸ ਲੇਖਕ ਮਹਿੰਦਰ ਸੰਧੂ ਮਹੇੜੂ ਕੀਮਤ 100 ਰੁਪਏ।

## ਸੰਸਥਾ ਕੋਲ ਉਪਲੱਬਧ ਗੁਰਬਾਣੀ ਦੇ ਗੁਟਕਾ ਸਾਹਿਬ

1. ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਸਟੀਕ ਪੰਜਾਬੀ ਕੀਮਤ 40 ਰੁਪਏ।
2. ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਸਟੀਕ ਹਿੰਦੀ ਕੀਮਤ 20 ਰੁਪਏ।
3. ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਰਵਿਦਾਸ ਜੀ  
   ਸਫ਼ਰੀ ਗੁਟਕਾ ਸਾਹਿਬ ਕੀਮਤ 5 ਰੁਪਏ
4. ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਨਾਮਦੇਵ ਜੀ ਹਿੰਦੀ ਕੀਮਤ 10 ਰੁਪਏ
5. ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਕਬੀਰ ਜੀ ਸਟੀਕ ਪੰਜਾਬੀ (ਛਪਾਈ ਅਧੀਨ)



ਸੰਸਥਾ ਕੋਲ ਨਵੇਂ ਸਾਲ ਦੇ ਸ੍ਰੀ ਗੁਰੂ ਰਵਿਦਾਸ ਕੈਲੰਡਰ, ਹਰਿ, ਸੋਹੰ, ਪ੍ਰਿੰਟ ਕੀਤੇ ਮਜੀਠੀ ਪਟਕੇ ਅਤੇ ਸਿਰੋਪਾਓ ਵੀ ਉਪਲੱਬਧ ਹਨ।

ਸੰਸਥਾ ਕੋਲ ਮੁਫਤ ਵੰਡਣ ਦੇ ਮਕਸਦ ਲਈ ਛੋਟੀਆਂ ਪੁਸਤਕਾਂ ਵੀ ਉਪਲੱਬਧ ਹਨ ਜੋ ਪ੍ਰਤੀ ਕਾਪੀ 5 ਰੁਪਏ ਦੇ ਹਿਸਾਬ ਨਾਲ ਮਿਲਦੀਆਂ ਹਨ।

- ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੀਆਂ ਅਨੇਕਾਂ ਪੁਸਤਕਾਂ
- ਬਾਮਸੇਫ ਇੱਕ ਜਾਣਕਾਰੀ ਪੰਜਾਬੀ ਲੇਖਕ ਬਾਬੂ ਕਾਂਸ਼ੀ ਰਾਮ ਜੀ
- ਸ਼ਰਧਾਂਜਲੀ ਪੱਤਰ ਗੁਰਪਰਵਾਸੀ ਪ੍ਰੋਫੈਸਰ ਲਾਲ ਸਿੰਘ ਜੀ
- ਨਿੱਘੀ ਸ਼ਰਧਾਂਜਲੀ ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ
- ਗੁਰ ਪਰਵਾਸੀ ਸ੍ਰੀ ਸੀ. ਐਲ. ਚੁੰਬਰ ਜੀ ਦੁਆਰਾ ਲਿਖਤ ਪੁਸਤਕ ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ

ਇਨ੍ਹਾਂ ਤੋਂ ਇਲਾਵਾ ਡਾ. ਗੁਰਮੀਤ ਕੱਲਰਮਾਜਰੀ ਪਟਿਆਲਾ, ਡਾ. ਜਸਵੰਤ ਰਾਏ, ਸ੍ਰੀ ਪ੍ਰੇਮ ਕੁਮਾਰ ਚੁੰਬਰ ਕੈਲੇਫੋਰਨੀਆ, ਸ੍ਰੀ ਮਹਿੰਦਰ ਸੰਧੂ ਮਹੇੜੂ ਜੀ ਦੁਆਰਾ ਸਮੇਂ-ਸਮੇਂ ਸਿਰ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜ਼ੀਨ ਅਤੇ ਕਿਤਾਬਾਂ ਵੀ ਉਪਲੱਬਧ ਹਨ।

**ਕਿਤਾਬਾਂ ਮੰਗਵਾਉਣ ਦਾ ਪਤਾ**

**ਚਰਨਜੀਤ ਸਿੰਘ ਬਿਨਪਾਲਕੇ** (ਜਨਰਲ ਸਕੱਤਰ)  
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**  
**ਪਿੰਡ ਬਿਨਪਾਲਕੇ ਨਜ਼ਦੀਕ ਭੋਗਪੁਰ ਜ਼ਿਲ੍ਹਾ ਜਲੰਧਰ**  
**ਪਿੰਨ ਕੋਡ ਨੰਬਰ** 144201  
**ਮੋਬਾਈਲ** - 98148-39944, 98722-42944






## ਦਰਸ਼ਨੀ ਡਿਓਢੀ

# ਸ੍ਰੀ ਗੁਰੂ ਰਵਿਦਾਸ ਭਵਨ

## ਪਿੰਡ ਧੋਗੜੀ (ਜਲੰਧਰ)